# <u>ਡਰਾਈਵਰਾਂ ਦੀ ਕੰਟਰੈਕਟ ਤੇ ਭਰਤੀ ਦਾ ਮਾਪਦੰਡ</u>

1. ਕੰਟਰੈਕਟ ਤੇ ਰੱਖੇ ਜਾਣ ਵਾਲੇ ਡਰਾਈਵਰਾਂ ਦੀ ਭਰਤੀ ਦਾ ਮਾਪਦੰਡ ਹੇਠ ਲਿਖੇ ਅਨੁਸਾਰ ਹੋਵੇਗਾ:-

2. <u>ਉਮਰ</u>

ਅਰਜ਼ੀਕਰਤਾ ਦੀ ਉਮਰ ਮਿਤੀ 1.7.2014 ਨੂੰ ਘੱਟੋਂ- ਘੱਟ 25 ਸਾਲ ਅਤੇ ਵੱਧ ਤੋਂ ਵੱਧ 45 ਸਾਲ ਹੋਣੀ ਚਾਹੀਦੀ ਹੈ। ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਸਾਬਕਾ ਫੌਜੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਉਮਰ ਵਿਚ ਪੰਜ ਸਾਲ ਦੀ ਛੋਟ ਹੋਵੇਗੀ। ਇਸ ਤੋਂ ਇਲਾਵਾ ਜੋ ਡਰਾਈਵਰ ਪਹਿਲਾਂ ਹੀ ਪੱਨਬੱਸ ਵਿਚ ਕੰਟਰੈਕਟ ਦੇ ਆਧਾਰ ਤੇ ਸਰਵਿਸ ਕਰ ਰਹੇ ਹਨ, ਦੀ ਉਮਰ ਹਦਾਇਤਾਂ ਅਨੁਸਾਰ ਵੱਧ ਹੋ ਜਾਂਦੀ ਹੈ ਤਾਂ ਉਨ੍ਹਾਂ ਨੇ ਜਿੰਨਾਂ ਸਮਾਂ ਪੱਨਬੱਸ ਵਿਚ ਕੰਮ ਕੀਤਾ ਹੈ, ਉਤਨੇ ਸਮੇਂ ਦੀ ਉਮਰ ਵਿਚ ਛੋਟ ਦਿੱਤੀ ਜਾਵੇਗੀ।

3. <u>ਵਿਦਿਅਕ ਯੋਗਤਾ:</u>

ਉਮੀਦਵਾਰ ਕੋਲ ਮਾਨਤਾ ਪ੍ਰਾਪਤ ਸੰਸਥਾ/ਸਕੂਲ/ਬੋਰਡ ਦੀ ਅੱਠਵੀਂ ਪਾਸ ਦੀ ਯੋਗਤਾ ਹੋਣੀ ਲਾਜ਼ਮੀ ਹੈ।

4. <u>ਲਾਇਸੈਂਸ</u>

ਡਰਾਈਵਰ ਦੀ ਆਸਾਮੀ ਲਈ ਯੋਗ ਉਮੀਦਵਾਰ ਕੋਲ ਬਿਨੈ-ਪੱਤਰ ਪੇਸ਼ ਕਰਨ ਸਮੇਂ ਜਿਲ੍ਹਾ ਟਰਾਂਸਪੋਰਟ ਅਫਸਰ ਪਾਸੋਂ ਜਾਰੀ ਕੀਤਾ ਘੱਟੋ-ਘੱਟ ਪੰਜ ਸਾਲ ਪੁਰਾਣਾ ਐਚ.ਟੀ.ਵੀ./ਐਚ.ਜੀ.ਵੀ/ਐਚ.ਪੀ.ਵੀ/ ਐਚ.ਐਮ.ਵੀ ਯੋਗ ਲਾਇਸੈਂਸ ਹੋਣਾ ਚਾਹੀਦਾ ਹੈ। ਡਰਾਈਵਿੰਗ ਲਾਇਸੈਂਸ ਦੀ ਪੁਸ਼ਟੀ ਸਬੰਧਤ ਜ਼ਿਲ੍ਹਾ ਟਰਾਂਸਪੋਰਟ ਅਫਸਰ ਤੋਂ ਇਸ ਦਫਤਰ ਵੱਲੋਂ ਕਰਵਾਈ ਜਾਵੇਗੀ।

5. <u>ਤਜ਼ਰਬਾ</u>

ਡਰਾਈਵਰ ਦੀ ਆਸਾਮੀ ਲਈ ਉਮੀਦਵਾਰ ਕੋਲ ਐਚ.ਟੀ.ਵੀ/ਐਚ.ਜੀ.ਵੀ/ਐਚ.ਪੀ.ਵੀ/ਐਚ.ਐਮ.ਵੀ ਕੈਟਾਗਰੀ ਲਾਇਸੈਂਸ ਪੈਸੈਂਜਰ ਬੱਸ ਚਲਾਉਂਣ ਦਾ ਘੱਟੋ-ਘੱਟ ਪੰਜ ਸਾਲ ਦਾ ਤਜ਼ਰਬਾ ਲਾਜਮੀ ਹੋਣਾ ਚਾਹੀਦਾ ਹੈ। ਪੰਜ ਸਾਲ ਦੇ ਤਜਰਬੇ ਤੋਂ ਵੱਧ ਤਜਰਬਾ ਕੇਵਲ ਸਰਕਾਰੀ ਅਦਾਰੇ/ਸਰਕਾਰੀ ਕੰਪਨੀ/ ਸਰਕਾਰੀ ਕਾਰਪੋਰੇਸ਼ਨ/ਪਬਲਿਕ ਸੈਕਟਰ ਅੰਡਰਟੇਕਿੰਗ ਵਿੱਚ ਪੈਸੈਂਜਰ ਬੱਸ ਚਲਾਉਣ ਲਈ ਕੀਤੀ ਸੇਵਾ ਨੂੰ ਹੀ ਯੋਗ ਤਜਰਬਾ ਗਿਣਿਆ ਜਾਵੇਗਾ।

6. <u>ਰਾਖਵਾਂਕਰਣ</u>

ਰਾਖਵਾਂਕਰਣ ਪੰਜਾਬ ਸਰਕਾਰ ਦੀਆਂ ਨੀਤੀਆਂ ਅਨੁਸਾਰ ਹੋਵੇਗਾ ਜਿਸ ਵਿੱਚ 25% ਅਨੁਸੂਚਿਤ ਜਾਤੀਆਂ ਲਈ, 12% ਪਛੜੀਆਂ ਸ਼੍ਰੇਣੀਆਂ ਲਈ, 13% ਸਾਬਕਾ ਫੌਜੀਆਂ ਲਈ, 1% ਸੁਤੰਤਰਤਾ ਸੰਗਰਾਮੀਆਂ ਲਈ, 3% ਖਿਡਾਰੀਆਂ ਲਈ ਆਸਾਮੀਆਂ ਰਾਖਵੀਆਂ ਹੋਣਗੀਆਂ।

7. <u>ਉਜਰਤ:</u>

| ਲੜੀ ਨੰ. | ਵੇਰਵਾ | ਯਕਮੁਸ਼ਤ ਉਜਰਤ |
|---|---|---|
| 1 | ਯਕਮੁਸਤ ਤਨਖਾਹ | 8956-75 ਰੁ: (ਕਿਰਤ ਵਿਭਾਗ ਦੇ ਮਿਨੀਮਮ ਵੇਜਿਜ ਮਿਤੀ 1.9.2013 ਦੀ ਨੋਟੀਫੀਕੇਸ਼ਨ ਅਨੁਸਾਰ) |
| 2 | ਓਵਰ ਟਾਈਮ | ਐਕਚੂਅਲ |
| 3 | ਰਾਤਰੀ ਭੱਤਾ | ਦਿੱਲੀ ਅਤੇ ਸ਼ਿਮਲਾ ਲਈ 60/-ਰੁਪਏ ਪ੍ਰਤੀ ਰਾਤਰੀ ਅਤੇ ਬਾਕੀ ਸ਼ਹਿਰਾਂ ਲਈ 50/-ਰੁ: |

ਜਿਸ ਵਿੱਚੋਂ ਰੂਲਾਂ ਅਨੁਸਾਰ ਸਟੈਚੂਰੀ ਕਟੌਤੀਆਂ (ਈ.ਪੀ.ਐਫ., ਈ.ਐਸ.ਆਈ., ਭਲਾਈ ਫੰਡ ਆਦਿ) ਕੀਤੀਆਂ ਜਾਣਗੀਆਂ। ਇਸ ਵਿਚ ਇੰਪਲਾਇਰ ਸ਼ੇਅਰ ਉਪਰੋਕਤ ਦਰਜ ਉਜਰਤ ਤੋਂ ਵੱਖਰਾ ਹੋਵੇਗਾ।

8. ਹਰ ਇੱਕ ਡਰਾਈਵਰ ਨੂੰ ਮਹੀਨੇ ਵਿੱਚ 8840 ਕਿਲੋਮੀਟਰ ਤਹਿ ਕਰਨੇ ਲਾਜ਼ਮੀ ਹੋਣਗੇ ਅਤੇ ਉਸ ਤੋਂ ਵੱਧ ਡਿਊਟੀ ਕਰਨ ਵਾਲੇ ਨੂੰ ਐਕਚੂਅਲ ਓਵਰਟਾਈਮ ਅਤੇ ਰਾਤਰੀ ਭੱਤਾ 50/- ਰੁਪਏ ਪ੍ਰਤੀ ਰਾਤ, ਦਿੱਲੀ ਅਤੇ ਸ਼ਿਮਲਾ ਲਈ 60/-ਰੁਪਏ ਪ੍ਰਤੀ ਰਾਤ ਦਿੱਤਾ ਜਾਵੇਗਾ।

9. <u>ਵਰਦੀ</u>

ਉਸ ਨੂੰ ਵਰਦੀ ਦਾ ਪ੍ਰਬੰਧ ਆਪਣੀ ਪੱਧਰ ਤੇ ਕਰਨਾ ਪਵੇਗਾ। ਵਰਦੀ ਨਮੂਨਾ ਪੱਨਬੱਸ ਵੱਲੋਂ ਦੱਸਿਆ ਜਾਵੇਗਾ।

10. <u>ਅਰਜ਼ੀ ਦੇਣ ਦੀ ਵਿਧੀ</u>

1250 ਡਰਾਈਵਰਾਂ ਦੀ ਸਿੱਧੇ ਤੌਰ ਤੇ ਕੰਟਰੈਕਟ ਦੇ ਆਧਾਰ ਤੇ ਵਿਭਾਗ ਵਿਚ ਭਰਤੀ Independent ਭਰੋਸੇਯੋਗ ਏਜੰਸੀ ਰਾਹੀਂ ਪ੍ਰੀਕ੍ਰਿਆ ਕੀਤੀ ਜਾਵੇਗੀ।

11. <u>ਇਹ ਭਰਤੀ ਨਿਰੋਲ ਮੈਰਿਟ (ਭਾਵ ਲਿਖਤੀ ਟੈਸਟ, ਤਜਰਬਾ ਅਤੇ ਡਰਾਈਵਿੰਗ ਟੈਸਟ) ਆਧਾਰ ਤੇ ਨਿਮਨ ਮਾਪਦੰਡ ਅਨੁਸਾਰ ਹੋਵੇਗੀ:-</u>

| | | |
|---|---|---|
| I) ਲਿਖਤੀ ਟੈਸਟ | | 40 ਨੰਬਰ |
| II) ਤਜਰਬਾ | | 30 ਨੰਬਰ |
| III) ਡਰਾਈਵਿੰਗ ਟੈਸਟ | | 30 ਨੰਬਰ |
| | ਕੁੱਲ:- | 100 ਨੰਬਰ |

12. ਪਾਸ ਹੋਏ ਉਮੀਦਵਾਰਾਂ ਨੂੰ ਪੱਨਬੱਸ ਵੱਲੋਂ ਨਿਰਧਾਰਤ ਸ਼ਰਤਾਂ ਮੁਤਾਬਿਕ ਕੰਟਰੈਕਟ ਦਾ ਇਕਰਾਰਨਾਮਾ ਕਰਨਾ ਪਵੇਗਾ। ਇਹ ਕੰਟਰੈਕਟ ਤਿੰਨ ਸਾਲ ਦਾ ਹੋਵੇਗਾ, ਜਿਸ ਨੂੰ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ।

13. ਘੱਟੋ-ਘੱਟ ਪੰਜ ਸਾਲ ਦੇ ਤਜਰਬੇ ਤੋਂ ਵੱਧ ਵਾਲੇ ਤਜਰਬੇ ਦੇ ਨੰਬਰ ਦਿੱਤੇ ਜਾਣਗੇ।

14. ਹਰ ਡਰਾਈਵਰ ਉਮੀਦਵਾਰ ਨੂੰ ਡਰਾਈਵਿੰਗ ਟੈਸਟ ਪਾਸ ਕਰਨਾ ਲਾਜ਼ਮੀ ਹੋਵੇਗਾ। ਜੇਕਰ ਉਮੀਦਵਾਰ ਡਰਾਈਵਿੰਗ ਟੈਸਟ ਪਾਸ ਨਹੀਂ ਕਰਦਾ ਤਾਂ ਉਸ ਨੂੰ ਵਿਚਾਰਿਆ ਨਹੀਂ ਜਾਵੇਗਾ।

15. ਰੱਖੇ ਗਏ ਡਰਾਈਵਰ/ਉਮੀਦਵਾਰ ਤੋਂ 10,000/-ਰੁ: ਸਿਕਿਊਰਟੀ ਲਈ ਜਾਵੇਗੀ ਜੋ ਕਿ ਮੋੜਨ ਯੋਗ ਹੋਵੇਗੀ ਜਿਸ ਤੇ ਕੋਈ ਵਿਆਜ ਆਦਿ ਨਹੀਂ ਦਿੱਤਾ ਜਾਵੇਗਾ।

16. ਕੰਟਰੈਕਟ ਤੇ ਰੱਖਣ ਤੋਂ ਪਹਿਲਾਂ ਡਰਾਈਵਿੰਗ ਲਾਇਸੈਂਸ/ਸਰਟੀਫਿਕੇਟ ਦੇ ਯੋਗ ਹੋਣ ਦੀ ਤਸਦੀਕ ਲਾਜਮੀ ਹੋਵੇਗੀ।

17. ਜੇਕਰ ਫਾਰਮ ਨਾਲ ਨੱਥੀ ਕੀਤੇ ਦਸਤਾਵੇਜ ਜਾਅਲੀ ਜਾਂ ਅਯੋਗ ਪਾਏ ਜਾਂਦੇ ਹਨ ਤਾਂ ਉਸ ਦੀ ਉਮੀਦਵਾਰੀ ਰੱਦ ਕਰ ਦਿੱਤੀ ਜਾਵੇਗੀ ਅਤੇ ਉਸਦੇ ਖਿਲਾਫ ਫੌਜਦਾਰੀ ਕਾਰਵਾਈ ਵੀ ਆਰੰਭੀ ਜਾ ਸਕਦੀ ਹੈ।

ਨੋਟ:- ਪੱਨਬੱਸ ਵਿਚ ਭਰਤੀ ਕੀਤੇ ਡਰਾਈਵਰਾਂ ਦੀ ਨਿਯੁਕਤੀ ਕੰਟਰੈਕਟ ਦੇ ਆਧਾਰ ਤੇ ਕੀਤੀ ਜਾਵੇਗੀ। ਇਹਨਾਂ ਕਰਮਚਾਰੀਆਂ ਦਾ ਕੋਈ ਵੀ ਹੱਕ ਨਹੀਂ ਹੋਵੇਗਾ ਕਿ ਉਹ ਆਪਣੀ ਸਰਵਿਸ ਨੂੰ ਰੈਗੂਲਰ ਸਮਝਣ।

## ਪੱਨਬੱਸ ਵਿੱਚ ਕੰਟਰੈਕਟ ਆਧਾਰ ਤੇ ਡਰਾਈਵਰ ਦੀ ਕੰਟਰੈਕਟ ਸਬੰਧੀ ਸ਼ਰਤਾਂ।

1. ਸਿਲੈਕਟ ਹੋਏ ਡਰਾਈਵਰ ਨੂੰ 15 ਦਿਨਾਂ ਦੀ ਟ੍ਰੇਨਿੰਗ ਕਰਨੀ ਪਵੇਗੀ। ਇਸ ਸਮੇਂ ਦਾ ਕੋਈ ਭੱਤਾ ਪੱਨਬੱਸ ਵੱਲੋਂ ਨਹੀਂ ਦਿੱਤਾ ਜਾਵੇਗਾ।
2. ਕੰਟਰੈਕਟ ਤੇ ਰੱਖੇ ਹੋਏ ਡਰਾਈਵਰ ਨੂੰ ਜਿਲ੍ਹਾ ਮੈਡੀਕਲ ਅਫਸਰ ਕੋਲੋਂ ਡਾਕਟਰੀ ਮੁਆਇੰਨਾਂ ਕਰਵਾਉਣਾ ਪਵੇਗਾ।
3. ਕੰਟਰੈਕਟ ਤੇ ਰੱਖੇ ਹੋਏ ਡਰਾਈਵਰ ਆਪਣੀਆਂ ਸੇਵਾਵਾਂ ਨੂੰ ਨਿਯਮਤ ਕਰਨ ਲਈ ਇਸ ਆਧਾਰ ਤੇ ਆਪਣਾ ਹੱਕ ਨਹੀਂ ਸਮਝਣਗੇ ਕਿ ਉਹਨਾਂ ਨੇ ਪੱਨਬੱਸ ਦੀ ਕੰਟਰੈਕਟ ਦੇ ਆਧਾਰ ਤੇ ਸੇਵਾ ਕੀਤੀ।
4. ਜੇਕਰ ਡਰਾਈਵਰ ਬੱਸ ਦਾ ਤੇਲ ਚੋਰੀ ਕਰਦਾ ਫੜ੍ਹਿਆ ਗਿਆ ਜਾਂ ਐਕਸੀਡੈਂਟ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਦਾ ਕੰਟਰੈਕਟ ਬਿਨਾਂ ਕੋਈ ਨੋਟਿਸ ਦਿੱਤੇ ਕਿਸੇ ਵੀ ਸਮੇਂ ਖਤਮ ਕੀਤਾ ਜਾ ਸਕਦਾ ਹੈ ਅਤੇ ਉਸਦੀ ਸਕਿਓਰਟੀ ਜਬਤ ਕੀਤੀ ਜਾ ਸਕਦੀ ਹੈ। ਉਸਦੇ ਵਿਰੁੱਧ ਪੁਲਿਸ ਕੇਸ ਵੀ ਦਰਜ ਕਰਵਾਇਆ ਜਾ ਸਕਦਾ ਹੈ।
5. ਕੰਟਰੈਕਟ ਤੇ ਤਾਇਨਾਤ ਡਰਾਈਵਰ ਨੂੰ ਉੱਕਾ ਪੁੱਕਾ 8956.75 ਰੁ: (ਕਿਰਤ ਵਿਭਾਗ ਦੇ ਮਿਨੀਮਮ ਵੇਜਿਜ ਮਿਤੀ 1.9.2013 ਦੀ ਨੋਟੀਫੀਕੇਸ਼ਨ ਅਨੁਸਾਰ) ਦਿੱਤੇ ਜਾਣਗੇ ਜਿਸ ਵਿੱਚੋਂ ਰੂਲਾਂ ਅਨੁਸਾਰ ਸਟੈਚੂਰੀ ਕਟੌਤੀਆਂ (ਈ.ਪੀ.ਐਫ., ਈ.ਐਸ.ਆਈ., ਭਲਾਈ ਫੰਡ ਆਦਿ) ਕੀਤੀਆਂ ਜਾਣਗੀਆਂ। ਉਸ ਨੂੰ ਮਹੀਨੇ ਵਿੱਚ 8840 ਕਿਲੋਮੀਟਰ ਤਹਿ ਕਰਨੇ ਲਾਜਮੀ ਹੋਣਗੇ। ਜੇਕਰ ਉਹ ਨਿਰਧਾਰਤ ਕਿਲੋਮੀਟਰ ਤੋਂ ਘੱਟ ਤਹਿ ਕਰਦਾ ਹੈ ਤਾਂ ਉਸਦੀ ਤਨਖਾਹ ਵਿਚੋਂ ਅਨੁਪਾਤਿਕ ਕਟੌਤੀ ਕੀਤੀ ਜਾਵੇਗੀ। ਵੱਧ ਡਿਊਟੀ ਕਰਨ ਵਾਲੇ ਨੂੰ ਐਕਚੂਅਲ ਓਵਰਟਾਈਮ ਅਤੇ 50/-ਰੁਪਏ ਰਾਤਰੀ ਭੱਤਾ ਪ੍ਰਤੀ ਰਾਤ (ਦਿੱਲੀ ਅਤੇ ਸ਼ਿਮਲਾ ਲਈ 60/-ਰੁਪਏ ਪ੍ਰਤੀ ਰਾਤ) ਦਿੱਤਾ ਜਾਵੇਗਾ।
6. ਕੰਟਰੈਕਟ ਤੇ ਰੱਖੇ ਡਰਾਈਵਰ ਨੂੰ ਕਿਸੇ ਵੀ ਡਿਪੂ ਵਿੱਚ ਰਖਿਆ/ਬਦਲਿਆ ਜਾ ਸਕਦਾ ਹੈ। ਉਸਨੂੰ ਸ਼ਰਤਾਂ ਅਨੁਸਾਰ ਕੰਮ ਕਰਨਾ ਪਵੇਗਾ।
7. ਕੰਟਰੈਕਟ ਤੇ ਰੱਖੇ ਡਰਾਈਵਰ ਨੂੰ ਡਿਪੂ ਦੇ ਕਿਸੇ ਵੀ ਰੂਟ ਜਾਂ ਡਿਪੂ ਦੀ ਕਿਸੇ ਵੀ ਬੱਸ ਤੇ ਡਿਊਟੀ ਲਈ ਜਾ ਸਕਦੀ ਹੈ।
8. ਕੰਟਰੈਕਟ ਦੇ ਆਧਾਰ ਤੇ ਰੱਖਿਆ ਗਿਆ ਡਰਾਈਵਰ ਜੇਕਰ ਆਪਣਾ ਕੰਟਰੈਕਟ ਖਤਮ ਕਰਨਾ ਚਾਹੁੰਦਾ ਹੋਵੇ, ਤਾਂ ਉਹ ਇੱਕ ਮਹੀਨੇ ਦਾ ਪੂਰਵ ਨੋਟਿਸ ਦੇਵੇਗਾ ਜਾਂ ਇੱਕ ਮਹੀਨੇ ਦੀ ਤਨਖਾਹ ਪੱਨਬੱਸ ਵਿਚ ਜਮ੍ਹਾ ਕਰਵਾਏਗਾ। ਇਸੇ ਤਰ੍ਹਾਂ ਪੱਨਬੱਸ ਵੱਲੋਂ ਕੰਟਰੈਕਟ ਤੇ ਰੱਖੇ ਡਰਾਈਵਰ ਨੂੰ ਇੱਕ ਮਹੀਨੇ ਦਾ ਨੋਟਿਸ ਜਾਂ ਇੱਕ ਮਹੀਨੇ ਦੀ ਤਨਖਾਹ ਦੇ ਕੇ ਕਿਸੇ ਵੀ ਸਮੇਂ ਕੰਟਰੈਕਟ ਤੋਂ ਫਾਰਗ ਕੀਤਾ ਜਾ ਸਕਦਾ ਹੈ। ਕੰਟਰੈਕਟ ਤੇ ਰੱਖੇ ਡਰਾਈਵਰ ਨੂੰ ਕਿਸੇ ਵੀ ਕਿਸਮ ਦਾ ਕਲੇਮ ਕਰਨ ਦਾ ਹੱਕ ਨਹੀਂ ਹੋਵੇਗਾ।
9. ਕੰਟਰੈਕਟ ਦੇ ਆਧਾਰ ਤੇ ਨਿਯੁਕਤ ਕੀਤੇ ਕੰਡਕਟਰਾਂ ਦੀਆਂ ਸੇਵਾਵਾਂ ਮੋਟਰ ਟਰਾਂਸਪੋਰਟ ਐਕਟ, 1961 ਅਤੇ ਪੱਨਬੱਸ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੇ ਅਧੀਨ ਸ਼ਾਸ਼ਿਤ ਹੋਣਗੀਆਂ।
10. ਕੰਟਰੈਕਟ ਦਾ ਡਰਾਈਵਰ ਕੋਈ ਹੜਤਾਲ ਆਦਿ ਨਹੀਂ ਕਰੇਗਾ, ਜੇਕਰ ਉਹ ਅਜਿਹਾ ਕਰਦਾ ਹੈ ਤਾਂ ਉਸ ਤੇ " ਕੰਮ ਨਹੀਂ ਤਨਖਾਹ ਨਹੀਂ" ਦਾ ਨਿਯਮ ਲਾਗੂ ਹੋਵੇਗਾ।
11. ਉਹ ਡਿਊਟੀ ਕਰਦੇ ਸਮੇਂ ਸਖਤ ਅਨੁਸਾਸ਼ਨ ਦੀ ਪਾਲਣਾ ਕਰਨਗੇ ਅਤੇ ਪੱਨਬੱਸ ਰਾਹੀਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਵੇਗਾ।
12. ਉਹ ਬੋਨਸ, ਪੈਨਸ਼ਨ ਅਤੇ ਗਰੈਚੂਟੀ ਲੈਣ ਦਾ ਹੱਕਦਾਰ ਨਹੀਂ ਹੋਵੇਗਾ।
13. ਕੰਟਰੈਕਟ ਤੇ ਰੱਖੇ ਗਏ ਡਰਾਈਵਰ ਵੱਲੋਂ ਜੇਕਰ ਪੱਨਬੱਸ ਦਾ ਕੋਈ ਮਾਲੀ ਨੁਕਸਾਨ/ ਐਕਸੀਡੈਂਟ ਕਰਕੇ ਨੁਕਸਾਨ ਕੀਤਾ ਜਾਵੇਗਾ ਤਾਂ ਉਸਦੀ ਰਿਕਵਰੀ/ ਟੋਕਨ ਰਿਕਵਰੀ ਪਾਈ ਜਾਵੇਗੀ ਜੋ ਕਿ ਵੱਧ ਤੋਂ ਵੱਧ ਰੁ: 50,000/-ਤੱਕ ਹੋਵੇਗੀ।

14. ਡਰਾਈਵਰ ਦੀ ਲਾਪ੍ਰਵਾਹੀ ਕਾਰਨ ਕਿਸੇ ਕੋਰਟ ਵੱਲੋਂ ਕੀਤਾ ਜੁਰਮਾਨੇ ਦਾ ਉਮੀਦਵਾਰ/ਡਰਾਈਵਰ ਖੁੱਦ ਜ਼ਿੰਮੇਵਾਰ ਹੋਵੇਗਾ (ਡਰਾਈਵਰੀ ਲਾਇਸੈਂਸ ਆਦਿ ਨਾ ਦਿਖਾਉਣਾ, ਟਰੈਫਿਕ ਰੂਲਾਂ ਦੀ ਉਲਘੰਣਾ ਆਦਿ)।

15. ਡਰਾਈਵਰਾਂ ਨੂੰ ਹਫਤਾਵਾਰੀ ਰੈਸਟ ਮਿਲੇਗੀ। ਇਸ ਤੋਂ ਇਲਾਵਾ 26 ਜਨਵਰੀ, 15 ਅਗਸਤ ਅਤੇ 02 ਅਕਤੂਬਰ ਆਦਿ ਛੁੱਟੀਆਂ ਮਿਲਣਗੀਆਂ। ਇਨ੍ਹਾਂ ਛੁੱਟੀਆਂ ਦੌਰਾਨ ਕੰਮ ਕਰਨ ਵਾਲੇ ਡਰਾਈਵਰ ਨੂੰ ਇਨ੍ਹਾਂ ਦਿਨਾਂ ਦੀ ਡਬਲ ਵੇਜਿਜ਼ ਜਾਂ ਇੱਵਜੀ ਛੁੱਟੀ ਦਿੱਤੀ ਜਾਵੇਗੀ।

16. ਸਾਰੀਆਂ ਕਾਨੂੰਨੀ ਕਾਰਵਾਈਆਂ ਜੋ ਸ਼ਰਤਾਂ ਵਿੱਚ ਉਠੱਣਗੀਆਂ ਦਾ ਅਧਿਕਾਰ ਖੇਤਰ ਸਿਵਲ ਕੋਰਟ, ਚੰਡੀਗੜ੍ਹ ਵਿਖੇ ਹੋਵੇਗਾ ਉਹ ਪੱਨਬੱਸ ਨੂੰ ਆਪਣੇ ਤੌਰ ਤੇ ਨੁਕਸਾਨ ਪਹੁੰਚਾਉਣ ਉਤੇ ਆਪ ਹੀ ਜ਼ਿੰਮੇਵਾਰ ਹੋਵੇਗਾ।

17. ਕੰਟਰੈਕਟ ਤੇ ਰੱਖੇ ਡਰਾਈਵਰ ਦੀ ਕੇ.ਐਮ.ਪੀ.ਐਲ. ਮਿੱਥੀ ਨਾਰਮ ਅਨੁਸਾਰ ਸਮੇਂ-ਸਮੇਂ ਸਿਰ ਚੈੱਕ ਕੀਤੀ ਜਾਵੇਗੀ। ਮਿੱਥੀ ਨਾਰਮ ਨਾਲੋਂ ਘੱਟ ਕੇ.ਐਮ.ਪੀ.ਐਲ ਲਿਆਉਂਣ ਤੇ ਉਸ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ।

18. ਦੁਰਘਟਨਾ ਕਾਰਨ ਜਾਂ ਕਿਸੇ ਹੋਰ ਕਾਰਨ ਕਰਕੇ ਡਰਾਈਵਰ ਦੀ ਡਿਊਟੀ ਦੌਰਾਨ ਮੌਤ ਹੋਣ ਤੇ ਉਸਨੂੰ ਪੱਨਬੱਸ ਵੱਲੋਂ 1,00,000/-ਰੁਪਏ ਦਾ ਮੁਆਵਜਾ ਦਿੱਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਉਹ ਕਿਸੇ ਕਿਸਮ ਦਾ ਹੋਰ ਮੁਆਵਜਾ ਲੈਣ ਦਾ ਹੱਕਦਾਰ ਨਹੀਂ ਹੋਵੇਗਾ।

19. ਡਰਾਈਵਰ ਨੂੰ ਪੱਨਬੱਸ ਵੱਲੋਂ ਦਿੱਤੇ ਨਮੂਨੇ ਅਨੁਸਾਰ ਵਰਦੀ ਆਪਣੇ ਪੱਧਰ ਤੇ ਖਰੀਦ ਕੇ ਪਾਉਣੀ ਲਾਜ਼ਮੀ ਹੋਵੇਗੀ।

20. ਕੰਟਰੈਕਟ ਤੇ ਰੱਖੇ ਜਾਣ ਵਾਲੇ ਡਰਾਈਵਰਾਂ ਦੀ ਗਿਣਤੀ ਲੋੜ ਅਨੁਸਾਰ ਘਟਾਈ ਜਾਂ ਵਧਾਈ ਜਾ ਸਕਦੀ ਹੈ।

ਨੋਟ:- ਕੰਟਰੈਕਟ ਉਪਰੋਕਤ ਸ਼ਰਤਾਂ ਦੇ ਤਹਿਤ ਕੀਤਾ ਜਾਵੇਗਾ ਪਰੰਤੂ ਇਹ ਨਾ ਸਮਝ ਲਿਆ ਜਾਵੇ ਕਿ ਇਹ ਭਰਤੀ ਰੈਗੂਲਰ ਆਧਾਰ ਤੇ ਕੀਤੀ ਗਈ ਹੈ।

ਮੈਨੇਜਿੰਗ ਡਾਇਰੈਕਟਰ, ਪੱਨਬੱਸ।

# ਕੰਡਕਟਰਾਂ ਦੀ ਕੰਟਰੈਕਟ ਤੇ ਭਰਤੀ ਦਾ ਮਾਪਦੰਡ

1. ਕੰਟਰੈਕਟ ਤੇ ਰੱਖੇ ਜਾਣ ਵਾਲੇ ਕੰਡਕਟਰਾਂ ਦੀ ਭਰਤੀ ਦਾ ਮਾਪਦੰਡ ਹੇਠ ਲਿਖੇ ਅਨੁਸਾਰ ਹੋਵੇਗਾ:-

2. ਉਮਰ

ਅਰਜ਼ੀਕਰਤਾ ਦੀ ਉਮਰ ਮਿਤੀ 1.7.2014 ਨੂੰ ਘੱਟੋਂ- ਘੱਟ 18 ਸਾਲ ਅਤੇ ਵੱਧ ਤੋਂ ਵੱਧ 38 ਸਾਲ ਹੋਣੀ ਚਾਹੀਦੀ ਹੈ। ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਸਾਬਕਾ ਫੌਜੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਉਮਰ ਵਿਚ ਪੰਜ ਸਾਲ ਦੀ ਛੋਟ ਹੋਵੇਗੀ। ਇਸ ਤੋਂ ਇਲਾਵਾ ਜੋ ਕੰਡਕਟਰ ਪਹਿਲਾਂ ਹੀ ਪੱਨਬੱਸ ਵਿਚ ਕੰਟਰੈਕਟ ਦੇ ਆਧਾਰ ਤੇ ਸਰਵਿਸ ਕਰ ਰਹੇ ਹਨ, ਦੀ ਉਮਰ ਹਦਾਇਤਾਂ ਅਨੁਸਾਰ ਵੱਧ ਹੋ ਜਾਂਦੀ ਹੈ ਤਾਂ ਉਨ੍ਹਾਂ ਨੇ ਜਿੰਨਾਂ ਸਮਾਂ ਪੱਨਬੱਸ ਵਿਚ ਕੰਮ ਕੀਤਾ ਹੈ, ਉਤਨੇ ਸਮੇਂ ਦੀ ਉਮਰ ਵਿਚ ਛੋਟ ਦਿੱਤੀ ਜਾਵੇਗੀ।

3. ਵਿਦਿਅਕ ਯੋਗਤਾ:

ਕਿਸੇ ਮਾਨਤਾ ਪ੍ਰਾਪਤ ਸੰਸਥਾ/ਸਕੂਲ/ਬੋਰਡ ਦੀ ਦਸਵੀਂ ਦੂਜੇ ਦਰਜੇ ਵਿਚ ਪਾਸ ਹੋਵੇ ਜਾਂ ਉਚੇਰੀ ਯੋਗਤਾ ਰੱਖਦਾ ਹੋਵੇ। ਉਮੀਦਵਾਰ ਕੋਲ ਦਸਵੀਂ ਪੱਧਰ ਦੀ ਪੰਜਾਬੀ ਦੀ ਯੋਗਤਾ ਹੋਣੀ ਲਾਜ਼ਮੀ ਹੈ।

4. ਲਾਇਸੈਂਸ

ਕੰਡਕਟਰ ਦੀ ਆਸਾਮੀ ਲਈ ਯੋਗ ਉਮੀਦਵਾਰ ਕੋਲ ਬਿਨੈ-ਪੱਤਰ ਪੇਸ਼ ਕਰਨ ਸਮੇਂ ਜ਼ਿਲ੍ਹਾ ਟਰਾਂਸਪੋਰਟ ਅਫਸਰ ਪਾਸੋਂ ਜਾਰੀ ਕੀਤਾ ਯੋਗ ਕੰਡਕਟਰੀ ਲਾਇਸੈਂਸ ਹੋਣਾ ਚਾਹੀਦਾ ਹੈ।

5. ਤਜਰਬਾ

ਕਿਸੇ ਵੀ ਕੰਡਕਟਰ ਵੱਲੋਂ ਸਰਕਾਰੀ ਅਦਾਰੇ/ਸਰਕਾਰੀ ਕੰਪਨੀ/ਸਰਕਾਰੀ ਕਾਰਪੋਰੇਸ਼ਨ/ਪਬਲਿਕ ਸੈਕਟਰ ਅੰਡਰਟੇਕਿੰਗ ਵਿੱਚ ਕੀਤੀ ਸਰਵਿਸ ਨੂੰ ਹੀ ਯੋਗ ਤਜਰਬਾ ਗਿਣਿਆ ਜਾਵੇਗਾ।

6. ਰਾਖਵਾਂਕਰਣ

ਰਾਖਵਾਂਕਰਣ ਪੰਜਾਬ ਸਰਕਾਰ ਦੀਆਂ ਨੀਤੀਆਂ ਅਨੁਸਾਰ ਹੋਵੇਗਾ ਜਿਸ ਵਿੱਚ 25% ਅਨੁਸੂਚਿਤ ਜਾਤੀਆਂ ਲਈ, 12% ਪਛੜੀਆਂ ਸ਼੍ਰੇਣੀਆਂ ਲਈ, 13% ਸਾਬਕਾ ਫੌਜੀਆਂ ਲਈ, 1% ਸੁਤੰਤਰਤਾ ਸੰਗਰਾਮੀਆਂ ਲਈ, 3% ਖਿਡਾਰੀਆਂ ਲਈ ਆਸਾਮੀਆਂ ਰਾਖਵੀਆਂ ਹੋਣਗੀਆਂ।

7. ਉਜਰਤ:

| ਲੜੀ ਨੰ. | ਵੇਰਵਾ | ਯਕਮੁਸ਼ਤ ਉਜਰਤ |
|---|---|---|
| 1 | ਯਕਮੁਸਤ ਤਨਖਾਹ | 7924.75 ਰੁ: (ਕਿਰਤ ਵਿਭਾਗ ਦੇ ਮਿਨੀਮਮ ਵੇਜਿਜ ਮਿਤੀ 1.9.2013 ਦੀ ਨੋਟੀਫੀਕੇਸ਼ਨ ਅਨੁਸਾਰ) |
| 2 | ਓਵਰਟਾਇਮ | ਐਕਚੂਅਲ |
| 3 | ਰਾਤਰੀ ਭੱਤਾ | ਦਿੱਲੀ ਅਤੇ ਸ਼ਿਮਲਾ ਲਈ 60/-ਰੁਪਏ ਪ੍ਰਤੀ ਰਾਤਰੀ ਅਤੇ ਬਾਕੀ ਸ਼ਹਿਰਾਂ ਲਈ 50/-ਰੁ: |

ਜਿਸ ਵਿੱਚੋਂ ਰੂਲਾਂ ਅਨੁਸਾਰ ਸਟੈਚੂਰੀ ਕਟੌਤੀਆਂ (ਈ.ਪੀ.ਐਫ., ਈ.ਐਸ.ਆਈ., ਭਲਾਈ ਫੰਡ ਆਦਿ) ਕੀਤੀਆਂ ਜਾਣਗੀਆਂ। ਇਸ ਵਿਚ ਇੰਪਲਾਇਰ ਸ਼ੇਅਰ ਉਪਰੋਕਤ ਦਰਜ ਉਜਰਤ ਤੋਂ ਵੱਖਰਾ ਹੋਵੇਗਾ।

8. ਹਰ ਇੱਕ ਕੰਡਕਟਰ ਨੂੰ ਮਹੀਨੇ ਵਿੱਚ 884● ਕਿਲੋਮੀਟਰ ਤਹਿ ਕਰਨੇ ਲਾਜ਼ਮੀ ਹੋਣਗੇ ਅਤੇ ਉਸ ਤੋਂ ਵੱਧ ਡਿਊਟੀ ਕਰਨ ਵਾਲੇ ਨੂੰ ਐਕਚੂਅਲ ਓਵਰਟਾਈਮ ਅਤੇ ਰਾਤਰੀ ਭੱਤਾ 5●/- ਰੁਪਏ ਪ੍ਰਤੀ ਰਾਤ, ਦਿੱਲੀ ਅਤੇ ਸ਼ਿਮਲਾ ਲਈ 6●/-ਰੁਪਏ ਪ੍ਰਤੀ ਰਾਤ ਦਿੱਤਾ ਜਾਵੇਗਾ।

9. <u>ਵਰਦੀ</u>

ਉਸ ਨੂੰ ਵਰਦੀ ਦਾ ਪ੍ਰਬੰਧ ਆਪਣੇ ਪੱਧਰ ਤੇ ਕਰਨਾ ਪਵੇਗਾ। ਵਰਦੀ ਦਾ ਨਮੂਨਾ ਪੱਨਬੱਸ ਵੱਲੋਂ ਦੱਸਿਆ ਜਾਵੇਗਾ।

1●. <u>ਅਰਜ਼ੀ ਦੇਣ ਦੀ ਵਿਧੀ</u>

125● ਕੰਡਕਟਰਾਂ ਦੀ ਸਿੱਧੇ ਤੌਰ ਤੇ ਕੰਟਰੈਕਟ ਦੇ ਆਧਾਰ ਤੇ ਵਿਭਾਗ ਵਿਚ ਭਰਤੀ Independent ਭਰੋਸੇਯੋਗ ਏਜੰਸੀ ਰਾਹੀਂ ਪ੍ਰੀਕ੍ਰਿਆ ਕੀਤੀ ਜਾਵੇਗੀ।

11. <u>ਇਹ ਭਰਤੀ ਨਿਰੋਲ ਮੈਰਿਟ (ਭਾਵ ਲਿਖਤੀ ਟੈਸਟ ਅਤੇ ਤਜਰਬਾ) ਆਧਾਰ ਤੇ ਨਿਮਨ ਮਾਪਦੰਡ ਅਨੁਸਾਰ ਹੋਵੇਗੀ:-</u>

| | | |
|---|---|---|
| I) ਲਿਖਤੀ ਟੈਸਟ | | 7● ਨੰਬਰ |
| II) ਤਜਰਬਾ | | 3● ਨੰਬਰ |
| | ਕੁੱਲ:- | 1●● ਨੰਬਰ |

12. ਪਾਸ ਹੋਏ ਉਮੀਦਵਾਰਾਂ ਨੂੰ ਪੱਨਬੱਸ ਵੱਲੋਂ ਨਿਰਧਾਰਤ ਸ਼ਰਤਾਂ ਮੁਤਾਬਿਕ ਕੰਟਰੈਕਟ ਦਾ ਇਕਰਾਰਨਾਮਾ ਕਰਨਾ ਪਵੇਗਾ। ਇਹ ਕੰਟਰੈਕਟ ਤਿੰਨ ਸਾਲ ਦਾ ਹੋਵੇਗਾ, ਜਿਸ ਨੂੰ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ।
13. ਕੰਟਰੈਕਟ ਤੇ ਰੱਖੇ ਗਏ ਕੰਡਕਟਰ ਉਮੀਦਵਾਰ ਤੋਂ 15,●●●/-ਰੁਪਏ ਸਕਿਓਰਟੀ ਲਈ ਜਾਵੇਗੀ ਜੋ ਕਿ ਮੋੜਨਯੋਗ ਹੋਵੇਗੀ ਜਿਸ ਤੇ ਕੋਈ ਵਿਆਜ ਆਦਿ ਨਹੀਂ ਦਿੱਤਾ ਜਾਵੇਗਾ।
14. ਕੰਟਰੈਕਟ ਤੇ ਰੱਖਣ ਤੋਂ ਪਹਿਲਾਂ ਉਮੀਦਵਾਰਾਂ ਦੇ ਕੰਡਕਟਰੀ ਲਾਇਸੈਂਸ/ਸਰਟੀਫੀਕੇਟ ਦੇ ਯੋਗ ਹੋਣ ਦੀ ਤਸਦੀਕ ਲਾਜਮੀ ਹੋਵੇਗੀ।
15. ਜੇਕਰ ਫਾਰਮ ਨਾਲ ਨੱਥੀ ਕੀਤੇ ਦਸਤਾਵੇਜ ਜਾਅਲੀ ਜਾਂ ਅਯੋਗ ਪਾਏ ਜਾਂਦੇ ਹਨ ਤਾਂ ਉਸ ਦੀ ਉਮੀਦਵਾਰੀ ਰੱਦ ਕਰ ਦਿੱਤੀ ਜਾਵੇਗੀ ਅਤੇ ਉਸਦੇ ਖਿਲਾਫ ਫੌਜਦਾਰੀ ਕਾਰਵਾਈ ਵੀ ਆਰੰਭੀ ਜਾ ਸਕਦੀ ਹੈ।

ਨੋਟ:- ਪੱਨਬੱਸ ਵਿਚ ਭਰਤੀ ਕੀਤੇ ਕੰਡਕਟਰਾਂ ਦੀ ਨਿਯੁਕਤੀ ਕੰਟਰੈਕਟ ਦੇ ਆਧਾਰ ਤੇ ਕੀਤੀ ਜਾਵੇਗੀ। ਇਹਨਾਂ ਕਰਮਚਾਰੀਆਂ ਦਾ ਕੋਈ ਵੀ ਹੱਕ ਨਹੀਂ ਹੋਵੇਗਾ ਕਿ ਉਹ ਆਪਣੀ ਸਰਵਿਸ ਨੂੰ ਰੈਗੂਲਰ ਸਮਝਣ।

# ਪੱਨਬੱਸ ਵਿੱਚ ਕੰਟਰੈਕਟ ਆਧਾਰ ਤੇ ਕੰਡਕਟਰ ਰੱਖਣ ਸਬੰਧੀ ਸ਼ਰਤਾਂ।

1. ਸਿਲੈਕਟ ਹੋਏ ਕੰਡਕਟਰ ਨੂੰ 15 ਦਿਨਾਂ ਦੀ ਟ੍ਰੇਨਿੰਗ ਕਰਨੀ ਪਵੇਗੀ। ਇਸ ਸਮੇਂ ਦਾ ਕੋਈ ਭੱਤਾ ਪੱਨਬੱਸ ਵੱਲੋਂ ਨਹੀਂ ਦਿੱਤਾ ਜਾਵੇਗਾ।
2. ਕੰਟਰੈਕਟ ਤੇ ਰੱਖੇ ਹੋਏ ਕੰਡਕਟਰ ਨੂੰ ਜਿਲ੍ਹਾ ਮੈਡੀਕਲ ਅਫਸਰ ਕੋਲੋਂ ਡਾਕਟਰੀ ਮੁਆਇੰਨਾਂ ਕਰਵਾਉਣਾ ਪਵੇਗਾ।
3. ਕੰਟਰੈਕਟ ਤੇ ਰੱਖੇ ਹੋਏ ਕੰਡਕਟਰ ਆਪਣੀਆਂ ਸੇਵਾਵਾਂ ਨੂੰ ਨਿਯਮਤ ਕਰਨ ਲਈ ਇਸ ਆਧਾਰ ਤੇ ਆਪਣਾ ਹੱਕ ਨਹੀਂ ਸਮਝਣਗੇ ਕਿ ਉਹਨਾਂ ਨੇ ਪੱਨਬੱਸ ਦੀ ਕੰਟਰੈਕਟ ਦੇ ਆਧਾਰ ਤੇ ਸੇਵਾ ਕੀਤੀ।
4. ਜੇਕਰ ਕੰਡਕਟਰ ਪੱਨਬੱਸ ਦੇ ਧੰਨ ਦੀ ਦੁਰਵਰਤੋ ਕਰਦਾ ਹੈ ਜਾਂ ਕਿਸੇ ਕਿਸਮ ਦੀ ਚੋਰੀ/ਗਬਨ ਕਰਕੇ ਪੱਨਬੱਸ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਸ ਨੂੰ ਨੁਕਸਾਨ ਦਾ 100 ਗੁਣਾ ਤੱਕ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ ਅਤੇ ਉਸ ਦਾ ਕੰਟਰੈਕਟ ਬਿਨਾਂ ਕੋਈ ਨੋਟਿਸ ਦਿੱਤੇ ਕਿਸੇ ਵੀ ਸਮੇਂ ਖਤਮ ਕੀਤਾ ਜਾ ਸਕਦਾ ਹੈ ਅਤੇ ਉਸਦੀ ਸਕਿਓਰਟੀ ਜਬਤ ਕੀਤੀ ਜਾ ਸਕਦੀ ਹੈ ਅਤੇ ਉਸ ਦੇ ਵਿਰੁੱਧ ਪੁਲਿਸ ਕੇਸ ਵੀ ਦਰਜ ਕਰਵਾਇਆ ਜਾ ਸਕਦਾ ਹੈ।
5. ਕੰਟਰੈਕਟ ਤੇ ਤਾਇਨਾਤ ਕੰਡਕਟਰ ਨੂੰ ਉੱਕਾ ਪੁੱਕਾ 7924.75 ਰੁ: (ਕਿਰਤ ਵਿਭਾਗ ਦੇ ਮਿਨੀਮਮ ਵੇਜਿਜ ਮਿਤੀ 1.9.2013 ਦੀ ਨੋਟੀਫੀਕੇਸ਼ਨ ਅਨੁਸਾਰ) ਦਿੱਤੇ ਜਾਣਗੇ ਜਿਸ ਵਿੱਚੋਂ ਰੂਲਾਂ ਅਨੁਸਾਰ ਸਟੈਚੂਰੀ ਕਟੌਤੀਆਂ (ਈ.ਪੀ.ਐਫ., ਈ.ਐਸ.ਆਈ., ਭਲਾਈ ਫੰਡ ਆਦਿ) ਕੀਤੀਆਂ ਜਾਣਗੀਆਂ। ਉਸ ਨੂੰ ਮਹੀਨੇ ਵਿੱਚ 8840 ਕਿਲੋਮੀਟਰ ਤਹਿ ਕਰਨੇ ਲਾਜਮੀ ਹੋਣਗੇ। ਜੇਕਰ ਉਹ ਨਿਰਧਾਰਤ ਕਿਲੋਮੀਟਰ ਤੋਂ ਘੱਟ ਤਹਿ ਕਰਦਾ ਹੈ ਤਾਂ ਉਸਦੀ ਤਨਖਾਹ ਵਿਚੋਂ ਅਨੁਪਾਤਿਕ ਕਟੌਤੀ ਕੀਤੀ ਜਾਵੇਗੀ। ਵੱਧ ਡਿਊਟੀ ਕਰਨ ਵਾਲੇ ਨੂੰ ਐਕਚੂਅਲ ਓਵਰਟਾਈਮ ਅਤੇ 50/-ਰੁਪਏ ਰਾਤਰੀ ਭੱਤਾ ਪ੍ਰਤੀ ਰਾਤ (ਦਿੱਲੀ ਅਤੇ ਸ਼ਿਮਲਾ ਲਈ 60/-ਰੁਪਏ ਪ੍ਰਤੀ ਰਾਤ) ਦਿੱਤਾ ਜਾਵੇਗਾ।
6. ਕੰਟਰੈਕਟ ਤੇ ਰੱਖੇ ਕੰਡਕਟਰ ਨੂੰ ਕਿਸੇ ਵੀ ਡਿਪੂ ਵਿੱਚ ਰਖਿਆ/ਬਦਲਿਆ ਜਾ ਸਕਦਾ ਹੈ। ਉਸਨੂੰ ਸ਼ਰਤਾਂ ਅਨੁਸਾਰ ਕੰਮ ਕਰਨਾ ਪਵੇਗਾ।
7. ਕੰਟਰੈਕਟ ਤੇ ਰੱਖੇ ਕੰਡਕਟਰ ਨੂੰ ਡਿਪੂ ਦੇ ਕਿਸੇ ਵੀ ਰੂਟ ਜਾਂ ਡਿਪੂ ਦੀ ਕਿਸੇ ਵੀ ਬੱਸ ਤੇ ਡਿਊਟੀ ਲਈ ਜਾ ਸਕਦੀ ਹੈ।
8. ਕੰਟਰੈਕਟ ਦੇ ਆਧਾਰ ਤੇ ਰੱਖਿਆ ਗਿਆ ਕੰਡਕਟਰ ਜੇਕਰ ਆਪਣਾ ਕੰਟਰੈਕਟ ਖਤਮ ਕਰਨਾ ਚਾਹੁੰਦਾ ਹੋਵੇ, ਤਾਂ ਉਹ ਇੱਕ ਮਹੀਨੇ ਦਾ ਪੂਰਵ ਨੋਟਿਸ ਦੇਵੇਗਾ ਜਾਂ ਇੱਕ ਮਹੀਨੇ ਦੀ ਤਨਖਾਹ ਪੱਨਬੱਸ ਵਿਚ ਜਮ੍ਹਾ ਕਰਵਾਏਗਾ। ਇਸੇ ਤਰ੍ਹਾਂ ਪੱਨਬੱਸ ਵੱਲੋਂ ਕੰਟਰੈਕਟ ਤੇ ਰੱਖੇ ਕੰਡਕਟਰ ਨੂੰ ਇੱਕ ਮਹੀਨੇ ਦਾ ਨੋਟਿਸ ਜਾਂ ਇੱਕ ਮਹੀਨੇ ਦੀ ਤਨਖਾਹ ਦੇ ਕੇ ਕਿਸੇ ਵੀ ਸਮੇਂ ਕੰਟਰੈਕਟ ਤੋਂ ਫਾਰਗ ਕੀਤਾ ਜਾ ਸਕਦਾ ਹੈ।
9. ਕੰਟਰੈਕਟ ਦੇ ਆਧਾਰ ਤੇ ਨਿਯੁਕਤ ਕੀਤੇ ਕੰਡਕਟਰਾਂ ਦੀਆਂ ਸੇਵਾਵਾਂ ਮੋਟਰ ਟਰਾਂਸਪੋਰਟ ਐਕਟ, 1961 ਅਤੇ ਪੱਨਬੱਸ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੇ ਅਧੀਨ ਸ਼ਾਸ਼ਿਤ ਹੋਣਗੀਆਂ।
10. ਕੰਟਰੈਕਟ ਦਾ ਕੰਡਕਟਰ ਕੋਈ ਹੜਤਾਲ ਆਦਿ ਨਹੀਂ ਕਰੇਗਾ, ਜੇਕਰ ਉਹ ਅਜਿਹਾ ਕਰਦਾ ਹੈ ਤਾਂ ਉਸ ਤੇ " ਕੰਮ ਨਹੀਂ ਤਨਖਾਹ ਨਹੀਂ" ਦਾ ਨਿਯਮ ਲਾਗੂ ਹੋਵੇਗਾ।

11. ਉਹ ਡਿਊਟੀ ਕਰਦੇ ਸਮੇਂ ਸਖਤ ਅਨੁਸਾਸ਼ਨ ਦੀ ਪਾਲਣਾ ਕਰਨਗੇ ਅਤੇ ਪੱਨਬੱਸ ਰਾਹੀਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਵੇਗਾ।

12. ਉਹ ਬੋਨਸ, ਪੈਨਸ਼ਨ ਅਤੇ ਗਰੈਚੂਟੀ ਲੈਣ ਦਾ ਹੱਕਦਾਰ ਨਹੀਂ ਹੋਵੇਗਾ।

13. ਕੰਟਰੈਕਟ ਤੇ ਰੱਖੇ ਗਏ ਕੰਡਕਟਰ ਵੱਲੋਂ ਜੇਕਰ ਪੱਨਬੱਸ ਦਾ ਕੋਈ ਮਾਲੀ ਨੁਕਸਾਨ/ ਐਕਸੀਡੈਂਟ ਕਰਕੇ ਨੁਕਸਾਨ ਕੀਤਾ ਜਾਵੇਗਾ ਤਾਂ ਉਸਦੀ ਰਿਕਵਰੀ/ਟੋਕਨ ਰਿਕਵਰੀ ਪਾਈ ਜਾਵੇਗੀ।

14. ਕੰਡਕਟਰ ਦੀ ਲਾਪ੍ਰਵਾਹੀ (ਕੰਡਕਟਰੀ ਲਾਇਸੈਂਸ ਆਦਿ ਨਾ ਦਖਾਉਣਾ, ਟਰੈਫਿਕ ਨਿਯਮਾਂ ਦੀ ਉਲੰਘਣਾ ਆਦਿ) ਕਾਰਨ ਕਿਸੇ ਕੋਰਟ ਵੱਲੋਂ ਕੀਤਾ ਜੁਰਮਾਨੇ ਦਾ ਉਮੀਦਵਾਰ/ਕੰਡਕਟਰ ਖੁੱਦ ਜ਼ਿੰਮੇਵਾਰ ਹੋਵੇਗਾ।

15. ਕੰਡਕਟਰ ਨੂੰ ਹਫਤਾਵਾਰੀ ਰੈਸਟ ਮਿਲੇਗੀ। ਇਸ ਤੋਂ ਇਲਾਵਾ 26 ਜਨਵਰੀ, 15 ਅਗਸਤ ਅਤੇ ●2 ਅਕਤੂਬਰ ਦੀਆਂ ਛੁੱਟੀਆਂ ਮਿਲਣਗੀਆਂ। ਇਨ੍ਹਾਂ ਛੁੱਟੀਆਂ ਦੌਰਾਨ ਕੰਮ ਕਰਨ ਵਾਲੇ ਕੰਡਕਟਰ ਨੂੰ ਇਨ੍ਹਾਂ ਦਿਨਾਂ ਦੀ ਡਬਲ ਵੇਜਿਜ਼ ਜਾਂ ਇੱਵਜੀ ਛੁੱਟੀ ਦਿੱਤੀ ਜਾਵੇਗੀ।

16. ਸਾਰੀਆਂ ਕਾਨੂੰਨੀ ਕਾਰਵਾਈਆਂ ਜੋ ਸ਼ਰਤਾਂ ਵਿੱਚ ਉਠੱਣਗੀਆਂ ਦਾ ਅਧਿਕਾਰ ਖੇਤਰ ਸਿਵਲ ਕੋਰਟ, ਚੰਡੀਗੜ੍ਹ ਵਿਖੇ ਹੋਵੇਗਾ ਉਹ ਪੱਨਬੱਸ ਨੂੰ ਆਪਣੇ ਤੌਰ ਤੇ ਨੁਕਸਾਨ ਪਹੁੰਚਾਉਣ ਉੱਤੇ ਆਪ ਹੀ ਜ਼ਿੰਮੇਵਾਰ ਹੋਵੇਗਾ।

17. ਕੰਟਰੈਕਟ ਤੇ ਰੱਖੇ ਕੰਡਕਟਰ ਦੀ ਰੂਟ ਰਸੀਟ ਪੱਨਬੱਸ ਵੱਲੋਂ ਮਿੱਥੀ ਨਾਰਮ ਅਨੁਸਾਰ ਸਮੇਂ-ਸਮੇਂ ਸਿਰ ਚੈਕ ਕੀਤੀ ਜਾਵੇਗੀ। ਮਿੱਥੀ ਨਾਰਮ ਨਾਲੋਂ ਘੱਟ ਰੂਟ ਰਸੀਟ ਲਿਆਉਣ ਤੇ ਉਸ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ।

18. ਦੁਰਘਟਨਾ ਕਾਰਨ ਜਾਂ ਕਿਸੇ ਹੋਰ ਕਾਰਨ ਕਰਕੇ ਕੰਡਕਟਰ ਦੀ ਡਿਊਟੀ ਦੌਰਾਨ ਮੌਤ ਹੋਣ ਤੇ ਉਸਨੂੰ ਪੱਨਬੱਸ ਵੱਲੋਂ 1,●●,●●●/-ਰੁ: ਦਾ ਮੁਆਵਜਾ ਦਿੱਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਉਹ ਕਿਸੇ ਕਿਸਮ ਦਾ ਹੋਰ ਮੁਆਵਜਾ ਲੈਣ ਦਾ ਹੱਕਦਾਰ ਨਹੀਂ ਹੋਵੇਗਾ।

19. ਕੰਟਰੈਕਟ ਤੇ ਰੱਖੇ ਜਾਣ ਵਾਲੇ ਕੰਡਕਟਰਾਂ ਦੀ ਗਿਣਤੀ ਲੋੜ ਅਨੁਸਾਰ ਘਟਾਈ ਜਾਂ ਵਧਾਈ ਜਾ ਸਕਦੀ ਹੈ।

ਨੋਟ:- ਕੰਟਰੈਕਟ ਉਪਰੋਕਤ ਸ਼ਰਤਾਂ ਦੇ ਤਹਿਤ ਕੀਤਾ ਜਾਵੇਗਾ, ਪ੍ਰੰਤੂ ਇਹ ਨਾ ਸਮਝ ਲਿਆ ਜਾਵੇ ਕਿ ਇਹ ਭਰਤੀ ਰੈਗੂਲਰ ਆਧਾਰ ਤੇ ਕੀਤੀ ਗਈ ਹੈ।

ਮੈਨੇਜਿੰਗ ਡਾਇਰੈਕਟਰ, ਪੱਨਬੱਸ।

# <u>ਵਰਕਸ਼ਾਪ ਕਾਮਿਆਂ ਦੀ ਕੰਟਰੈਕਟ ਤੇ ਭਰਤੀ ਦਾ ਮਾਪਦੰਡ</u>

ਕੰਟਰੈਕਟ ਤੇ ਰੱਖੇ ਜਾਣ ਵਾਲੇ ਵਰਕਸ਼ਾਪ ਕਾਮਿਆਂ ਦੀ ਭਰਤੀ ਦਾ ਮਾਪਦੰਡ ਹੇਠ ਲਿਖੇ ਅਨੁਸਾਰ ਹੋਵੇਗਾ:–

1. <u>ਉਮਰ</u>

ਅਰਜ਼ੀਕਰਤਾ ਦੀ ਉਮਰ ਮਿਤੀ 1.7.2014 ਨੂੰ ਘੱਟੋਂ- ਘੱਟ 18 ਸਾਲ ਅਤੇ ਵੱਧ ਤੋਂ ਵੱਧ 38 ਸਾਲ ਹੋਣੀ ਚਾਹੀਦੀ ਹੈ। ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਸਾਬਕਾ ਫੌਜੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਉਮਰ ਵਿਚ ਪੰਜ ਸਾਲ ਦੀ ਛੋਟ ਹੋਵੇਗੀ। ਇਸ ਤੋਂ ਇਲਾਵਾ ਜੋ ਵਰਕਸ਼ਾਪ ਕਾਮੇ ਪਹਿਲਾਂ ਹੀ ਪੱਨਬੱਸ ਵਿਚ ਕੰਟਰੈਕਟ ਦੇ ਆਧਾਰ ਤੇ ਸਰਵਿਸ ਕਰ ਰਹੇ ਹਨ, ਦੀ ਉਮਰ ਹਦਾਇਤਾਂ ਅਨੁਸਾਰ ਵੱਧ ਹੋ ਜਾਂਦੀ ਹੈ ਤਾਂ ਉਨ੍ਹਾਂ ਨੇ ਜਿੰਨਾਂ ਸਮਾਂ ਪੱਨਬੱਸ ਵਿਚ ਕੰਮ ਕੀਤਾ ਹੈ, ਉਤਨੇ ਸਮੇਂ ਦੀ ਉਮਰ ਵਿਚ ਛੋਟ ਦਿੱਤੀ ਜਾਵੇਗੀ।

2. <u>ਵਿਦਿਅਕ ਯੋਗਤਾ/ ਉਮਰ / ਤਜਰਬਾ:</u>

The qualifications / age & experience for the above said posts is prescribed as under:

| **Sr. No.** | **Name of Post** | **Age (Years)** | **Qualifications** | **Experience** |
|---|---|---|---|---|
| 1 | Mechanic (Junior Technician) | 18-38 | Matriculate or equivalent and ITI certificate of Mechanic (Motor Vehicle ) Trade. | Three years exp. in Automobile Mechanic Trade |
| 2 | Electrician (Junior Technician) ) | 18-38 | Matriculate or equivalent and ITI certificate in Auto Electrician Trade. | Three years exp. In Auto Electrician Trade |
| 3 | Welder (Junior Technician ) | 18-38 | Matriculate or equivalent and ITI certificate in Welder (Gas & Electric ) Trade. | Three years exp. in Welder Trade |
| 4 | Painter (Junior Technician ) | 18-38 | Matriculate or equivalent and ITI certificate in Painter General Trade. | Three years exp. in Painter Trade |
| 5 | Blacksmith (Junior Technician ) | 18-38 | Matriculate or equivalent and ITI certificate in Motor Vehicle Body Builder Trade. | Three years exp. in Vehicle Body Builder Trade |

ਵਰਕਸ਼ਾਪ ਸਟਾਫ ਲਈ ਉਮੀਦਵਾਰ ਵੱਲੋਂ ਆਪਣੇ ਟਰੇਡ ਵਿੱਚ ਤਿੰਨ ਸਾਲ ਦਾ ਘੱਟੋ-ਘੱਟ ਤਜਰਬਾ ਲਾਜਮੀ ਹੈ। ਤਿੰਨ ਸਾਲ ਤੋਂ ਵੱਧ ਤਜਰਬਾ ਕੇਵਲ ਸਰਕਾਰੀ ਅਦਾਰੇ/ਸਰਕਾਰੀ ਕੰਪਨੀ/ਸਰਕਾਰੀ ਕਾਰਪੋਰੇਸ਼ਨ/ ਪਬਲਿਕ ਸੈਕਟਰ ਅੰਡਰਟੇਕਿੰਗ ਵਿੱਚ ਕੀਤੀ ਸੇਵਾ ਨੂੰ ਹੀ ਯੋਗ ਤਜਰਬਾ ਗਿਣਿਆ ਜਾਵੇਗਾ।

3. <u>ਰਾਖਵਾਂਕਰਣ</u>

ਰਾਖਵਾਂਕਰਣ ਪੰਜਾਬ ਸਰਕਾਰ ਦੀਆਂ ਨੀਤੀਆਂ ਅਨੁਸਾਰ ਹੋਵੋਗਾ ਜਿਸ ਵਿੱਚ 25% ਅਨੁਸੂਚਿਤ ਜਾਤੀਆਂ ਲਈ, 12% ਪਛੜੀਆਂ ਸ਼੍ਰੇਣੀਆਂ ਲਈ, 13% ਸਾਬਕਾ ਫੌਜੀਆਂ ਲਈ (ਨਿਯਮਾਂ ਅਨੁਸਾਰ), 1% ਸੁਤੰਤਰਤਾ ਸੰਗਰਾਮੀਆਂ ਲਈ, 3% ਖਿਡਾਰੀਆਂ ਲਈ, 3% ਅੰਗਹੀਣਾ ਲਈ ਆਸਾਮੀਆਂ ਰਾਖਵੀਆਂ ਹੋਣਗੀਆਂ।

4. <u>ਉਜਰਤ:</u>

ਯਕਮੁਸ਼ਤ ਉਜਰਤ 7924.75 ਰੁ: (ਕਿਰਤ ਵਿਭਾਗ ਦੇ ਮਿਨੀਮਮ ਵੇਜਿਜ ਮਿਤੀ 1.9.2013 ਦੀ ਨੋਟੀਫੀਕੇਸ਼ਨ ਅਨੁਸਾਰ) ਜਿਸ ਵਿੱਚੋਂ ਰੂਲਾਂ ਅਨੁਸਾਰ ਸਟੈਚੁਰੀ ਕਟੌਤੀਆਂ (ਈ.ਪੀ.ਐਫ, ਈ.ਐਸ.ਆਈ., ਭਲਾਈ ਫੰਡ ਆਦਿ) ਕੀਤੀਆਂ ਜਾਣਗੀਆਂ। ਇਸ ਵਿਚੋਂ ਇੰਪਲਾਇਅਰ ਸ਼ੇਅਰ ਉਪਰੋਕਤ ਦਰਜ ਉਜਰਤ ਤੋਂ ਵੱਖਰਾ ਹੋਵੇਗਾ।

5. <u>ਵਰਦੀ</u>

ਉਸ ਨੂੰ ਵਰਦੀ ਦਾ ਪ੍ਰਬੰਧ ਆਪਣੇ ਪੱਧਰ ਤੇ ਕਰਨਾ ਪਵੇਗਾ। ਵਰਦੀ ਦਾ ਨਮੂਨਾ ਪੱਨਬੱਸ ਵੱਲੋਂ ਦੱਸਿਆ ਜਾਵੇਗਾ।

6. <u>ਅਰਜ਼ੀ ਦੇਣ ਦੀ ਵਿਧੀ</u>

200 ਵਰਕਸ਼ਾਪ ਸਟਾਫ ਦੀ ਸਿੱਧੇ ਤੌਰ ਤੇ ਕੰਟਰੈਕਟ ਦੇ ਆਧਾਰ ਤੇ ਵਿਭਾਗ ਵਿਚ ਭਰਤੀ Independent ਭਰੋਸੇਯੋਗ ਏਜੰਸੀ ਰਾਹੀਂ ਪ੍ਰੀਕ੍ਰਿਆ ਕੀਤੀ ਜਾਵੇਗੀ।

7. <u>ਇਹ ਭਰਤੀ ਨਿਰੋਲ ਮੈਰਿਟ (ਭਾਵ ਲਿਖਤੀ ਟੈਸਟ ਅਤੇ ਤਜਰਬਾ) ਆਧਾਰ ਤੇ ਨਿਮਨ ਮਾਪਦੰਡ ਅਨੁਸਾਰ ਹੋਵੇਗੀ:-</u>

| | | |
|---|---|---|
| I) ਲਿਖਤੀ ਟੈਸਟ | | 60 ਨੰਬਰ |
| II) ਤਜਰਬਾ | | 20 ਨੰਬਰ |
| III) ਇੰਟਰਵਿਊ | | 20 ਨੰਬਰ |
| | ਕੁੱਲ:- | 100 ਨੰਬਰ |

8. ਪਾਸ ਹੋਏ ਉਮੀਦਵਾਰਾਂ ਨੂੰ ਪੱਨਬੱਸ ਵੱਲੋਂ ਨਿਰਧਾਰਤ ਸ਼ਰਤਾਂ ਮੁਤਾਬਿਕ ਕੰਟਰੈਕਟ ਦਾ ਇਕਰਾਰਨਾਮਾ ਕਰਨਾ ਪਵੇਗਾ। ਇਹ ਕੰਟਰੈਕਟ ਤਿੰਨ ਸਾਲ ਦਾ ਹੋਵੇਗਾ, ਜਿਸ ਨੂੰ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ।

9. ਕੰਟਰੈਕਟ ਤੇ ਰੱਖੇ ਗਏ ਵਰਕਸ਼ਾਪ ਕਾਮੇ ਪਾਸੋਂ 10,000/-ਰੁਪਏ ਸਕਿਓਰਟੀ ਲਈ ਜਾਵੇਗੀ ਜੋ ਕਿ ਮੋੜਨਯੋਗ ਹੋਵੇਗੀ ਜਿਸ ਤੇ ਕੋਈ ਵਿਆਜ ਆਦਿ ਨਹੀਂ ਦਿੱਤਾ ਜਾਵੇਗਾ।

10. ਕੰਟਰੈਕਟ ਤੇ ਰੱਖਣ ਤੋਂ ਪਹਿਲਾਂ ਉਮੀਦਵਾਰਾਂ ਦੇ ਵਿਦਿਅਕ ਯੋਗਤਾ ਅਤੇ ਤਜਰਬੇ ਦੇ ਸਰਟੀਫੀਕੇਟ ਦੇ ਯੋਗ ਹੋਣ ਦੀ ਤਸਦੀਕ ਲਾਜਮੀ ਹੋਵੇਗੀ। ਜੇਕਰ ਫਾਰਮ ਨਾਲ ਨੱਥੀ ਕੀਤੇ ਦਸਤਾਵੇਜ ਜਾਅਲੀ ਜਾਂ ਅਯੋਗ ਪਾਏ ਜਾਂਦੇ ਹਨ ਤਾਂ ਉਸ ਦੀ ਉਮੀਦਵਾਰੀ ਰੱਦ ਕਰ ਦਿੱਤੀ ਜਾਵੇਗੀ ਅਤੇ ਉਸਦੇ ਖਿਲਾਫ ਫੌਜਦਾਰੀ ਕਾਰਵਾਈ ਵੀ ਆਰੰਭੀ ਜਾ ਸਕਦੀ ਹੈ।

11. ਕੰਟਰੈਕਟ ਤੇ ਰੱਖੇ ਜਾਣ ਵਾਲੇ ਕਾਮੇ ਨੂੰ ਉਸ ਦਾ ਆਚਰਨ ਅੱਛਾ ਹੋਣ ਬਾਰੇ ਹਲਫੀਆ ਬਿਆਨ ਫਸਟ ਕਲਾਸ ਮਜਿਸਟਰੇਟ ਤੋਂ ਤਸਦੀਕ ਕਰਵਾਕੇ ਦੇਣਾ ਪਵੇਗਾ।

ਨੋਟ:- ਪੱਨਬੱਸ ਵਿਚ ਭਰਤੀ ਕੀਤੇ ਵਰਕਸ਼ਾਪ ਕਾਮਿਆਂ ਦੀ ਨਿਯੁਕਤੀ ਕੰਟਰੈਕਟ ਦੇ ਆਧਾਰ ਤੇ ਕੀਤੀ ਜਾਵੇਗੀ। ਇਹਨਾਂ ਕਰਮਚਾਰੀਆਂ ਦਾ ਕੋਈ ਵੀ ਹੱਕ ਨਹੀਂ ਹੋਵੇਗਾ ਕਿ ਉਹ ਆਪਣੀ ਸਰਵਿਸ ਨੂੰ ਰੈਗੂਲਰ ਸਮਝਣ।

## ਪੱਨਬੱਸ ਵਿੱਚ ਕੰਟਰੈਕਟ ਆਧਾਰ ਤੇ ਵਰਕਸ਼ਾਪ ਕਾਮੇ ਰੱਖਣ ਸਬੰਧੀ ਸ਼ਰਤਾਂ।

1. ਕੰਟਰੈਕਟ ਤੇ ਰੱਖੇ ਹੋਏ ਵਰਕਸ਼ਾਪ ਕਾਮਿਆਂ ਨੂੰ ਜਿਲ੍ਹਾ ਮੈਡੀਕਲ ਅਫਸਰ ਕੋਲੋਂ ਡਾਕਟਰੀ ਮੁਆਇੰਨਾਂ ਕਰਵਾਉਣਾ ਪਵੇਗਾ।

2. ਕੰਟਰੈਕਟ ਤੇ ਰੱਖੇ ਹੋਏ ਵਰਕਸ਼ਾਪ ਕਾਮੇ ਆਪਣੀਆਂ ਸੇਵਾਵਾਂ ਨੂੰ ਨਿਯਮਤ ਕਰਨ ਲਈ ਇਸ ਆਧਾਰ ਤੇ ਆਪਣਾ ਹੱਕ ਨਹੀਂ ਸਮਝਣਗੇ ਕਿ ਉਹਨਾਂ ਨੇ ਪੱਨਬੱਸ ਦੀ ਕੰਟਰੈਕਟ ਦੇ ਆਧਾਰ ਤੇ ਸੇਵਾ ਕੀਤੀ।

3. ਜੇਕਰ ਵਰਕਸ਼ਾਪ ਕਾਮਾ ਕਿਸੇ ਕਿਸਮ ਦਾ ਪੱਨਬੱਸ ਨੂੰ ਚੋਰੀ/ਨੁਕਸਾਨ ਪਹੁੰਚਾਉਣ ਦਾ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਸ ਦਾ ਕੰਟਰੈਕਟ ਬਿਨਾਂ ਕੋਈ ਨੋਟਿਸ ਦਿੱਤੇ ਕਿਸੇ ਵੀ ਸਮੇਂ ਖਤਮ ਕੀਤਾ ਜਾ ਸਕਦਾ ਹੈ ਅਤੇ ਉਸਦੀ ਸਕਿਓਰਟੀ ਜਬਤ ਕੀਤੀ ਜਾ ਸਕਦੀ ਹੈ ਅਤੇ ਉਸ ਦੇ ਵਿਰੁੱਧ ਪੁਲਿਸ ਕੇਸ ਵੀ ਦਰਜ ਕਰਵਾਇਆ ਜਾ ਸਕਦਾ ਹੈ।

4. ਕੰਟਰੈਕਟ ਤੇ ਤਾਇਨਾਤ ਵਰਕਸ਼ਾਪ ਕਾਮਿਆਂ ਨੂੰ ਕਿਰਤ ਕਮਿਸ਼ਨਰ ਪੰਜਾਬ ਵਲੋਂ ਘੱਟੋ ਘੱਟ ਨਿਰਧਾਰਤ ਕੀਤੀ ਉਜਰਤ ਜੋ ਕਿ ਇਸ ਸਮੇ 7924.75/-ਰੁਪਏ ਹੈ, ਦਿੱਤੇ ਜਾਣਗੇ ਜਿਸ ਵਿੱਚੋਂ ਈ.ਐਸ.ਆਈ.ਅਤੇ ਈ.ਪੀ.ਐਫ ਦਾ ਇੰਪਲਾਇਜ ਸ਼ੇਅਰ ਕੱਟਿਆ ਜਾਵੇਗਾ । ਇੰਪਲਾਇਅਰ ਸ਼ੇਅਰ ਵਿਭਾਗ ਵਲੋਂ ਸਿਧੇ ਤੌਰ ਤੇ ਸਬੰਧਤ ਵਿਭਾਗ ਵਿਚ ਜਮਾਂ ਕਰਵਾਇਆ ਜਾਵੇਗਾ ਜੋ ਕਿ ਇਸ ਤੋਂ ਵੱਖਰਾ ਹੋਵੇਗਾ।

5. ਕੰਟਰੈਕਟ ਤੇ ਰੱਖੇ ਵਰਕਸ਼ਾਪ ਕਾਮਿਆਂ ਨੂੰ ਕਿਸੇ ਵੀ ਡਿਪੂ ਵਿੱਚ ਰਖਿਆ/ਬਦਲਿਆ ਜਾ ਸਕਦਾ ਹੈ। ਉਸਨੂੰ ਸ਼ਰਤਾਂ ਅਨੁਸਾਰ ਕੰਮ ਕਰਨਾ ਪਵੇਗਾ।

6. ਕੰਟਰੈਕਟ ਦੇ ਆਧਾਰ ਤੇ ਰੱਖਿਆ ਗਿਆ ਵਰਕਸ਼ਾਪ ਕਾਮਾ ਜੇਕਰ ਆਪਣਾ ਕੰਟਰੈਕਟ ਖਤਮ ਕਰਨਾ ਚਾਹੁੰਦਾ ਹੋਵੇ, ਤਾਂ ਉਹ ਇੱਕ ਮਹੀਨੇ ਦਾ ਪੂਰਵ ਨੋਟਿਸ ਦੇਵੇਗਾ ਜਾਂ ਇੱਕ ਮਹੀਨੇ ਦੀ ਤਨਖਾਹ ਪੱਨਬੱਸ ਵਿਚ ਜਮ੍ਹਾ ਕਰਵਾਏਗਾ। ਇਸੇ ਤਰ੍ਹਾਂ ਪੱਨਬੱਸ ਵੱਲੋਂ ਕੰਟਰੈਕਟ ਤੇ ਰੱਖੇ ਵਰਕਸ਼ਾਪ ਕਾਮੇ ਨੂੰ ਇੱਕ ਮਹੀਨੇ ਦਾ ਨੋਟਿਸ ਜਾਂ ਇੱਕ ਮਹੀਨੇ ਦੀ ਤਨਖਾਹ ਦੇ ਕੇ ਕਿਸੇ ਵੀ ਸਮੇਂ ਕੰਟਰੈਕਟ ਤੋਂ ਫਾਰਗ ਕੀਤਾ ਜਾ ਸਕਦਾ ਹੈ। ਪ੍ਰੰਤੂ ਵਰਕਸ਼ਾਪ ਕਾਮੇ ਵਲੋਂ ਸਰਕਾਰੀ ਸੰਪਤੀ ਦੀ ਚੋਰੀ ਕਰਨ, ਸੰਪਤੀ ਨੂੰ ਨੁਕਸਾਨ ਪਹੁੰਚਾਉਣ ਜਾਂ ਅਨੁਸ਼ਾਸਨਹੀਣਤਾ ਦੀ ਸੂਰਤ ਵਿਚ ਉਸ ਦੀਆਂ ਸੇਵਾਵਾਂ ਖਤਮ ਕਰਨ ਲਈ ਇਕ ਮਹੀਨੇ ਦੇ ਨੋਟਿਸ /ਤਨਖਾਹ ਦੀ ਸ਼ਰਤ ਲਾਗੂ ਨਹੀਂ ਹੋਵੇਗੀ।

7. ਕੰਟਰੈਕਟ ਦੇ ਆਧਾਰ ਤੇ ਨਿਯੁਕਤ ਕੀਤੇ ਵਰਕਸ਼ਾਪ ਕਾਮਿਆਂ ਦੀਆਂ ਸੇਵਾਵਾਂ ਇੰਡਸਟਰੀਅਲ ਐਕਟ,1948/ ਮੋਟਰ ਟਰਾਂਸਪੋਰਟ ਐਕਟ, 1961 ਅਤੇ ਪੱਨਬੱਸ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੇ ਅਧੀਨ ਸ਼ਾਸ਼ਿਤ ਹੋਣਗੀਆਂ।

8. ਕੰਟਰੈਕਟ ਦਾ ਵਰਕਸ਼ਾਪ ਕਾਮਾ ਕੋਈ ਹੜਤਾਲ ਆਦਿ ਨਹੀਂ ਕਰੇਗਾ, ਜੇਕਰ ਉਹ ਅਜਿਹਾ ਕਰਦਾ ਹੈ ਤਾਂ ਉਸ ਤੇ " ਕੰਮ ਨਹੀਂ ਤਨਖਾਹ ਨਹੀਂ" ਦਾ ਨਿਯਮ ਲਾਗੂ ਹੋਵੇਗਾ।

9. ਉਹ ਡਿਊਟੀ ਕਰਦੇ ਸਮੇਂ ਸਖਤ ਅਨੁਸਾਸ਼ਨ ਦੀ ਪਾਲਣਾ ਕਰਨਗੇ ਅਤੇ ਪੱਨਬੱਸ ਰਾਹੀਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਵੇਗਾ।

10. ਉਹ ਬੋਨਸ, ਪੈਨਸ਼ਨ ਅਤੇ ਗਰੈਚੂਟੀ ਲੈਣ ਦਾ ਹੱਕਦਾਰ ਨਹੀਂ ਹੋਵੇਗਾ।

11. ਕੰਟਰੈਕਟ ਤੇ ਰੱਖੇ ਗਏ ਵਰਕਸ਼ਾਪ ਕਾਮੇ ਵੱਲੋਂ ਜੇਕਰ ਪੱਨਬੱਸ ਦਾ ਕੋਈ ਮਾਲੀ ਨੁਕਸਾਨ/ ਐਕਸੀਡੈਂਟ ਕਰਕੇ ਨੁਕਸਾਨ ਕੀਤਾ ਜਾਵੇਗਾ ਤਾਂ ਉਸਦੀ ਰਿਕਵਰੀ/ਟੋਕਨ ਰਿਕਵਰੀ ਪਾਈ ਜਾਵੇਗੀ।

12. ਵਰਕਸ਼ਾਪ ਕਾਮੇ ਨੂੰ ਹਫਤਾਵਾਰੀ ਰੈਸਟ ਮਿਲੇਗੀ। ਇਸ ਤੋਂ ਇਲਾਵਾ 26 ਜਨਵਰੀ, 15 ਅਗਸਤ ਅਤੇ ●2 ਅਕਤੂਬਰ ਦੀਆਂ ਛੁੱਟੀਆਂ ਮਿਲਣਗੀਆਂ। ਇਨ੍ਹਾਂ ਛੁੱਟੀਆਂ ਦੌਰਾਨ ਕੰਮ ਕਰਨ ਵਾਲੇ ਵਰਕਸ਼ਾਪ ਕਾਮੇ ਨੂੰ ਇਨ੍ਹਾਂ ਦਿਨਾਂ ਦੀ ਡਬਲ ਵੇਜਿਜ਼ ਜਾਂ ਇੱਵਜੀ ਛੁੱਟੀ ਦਿੱਤੀ ਜਾਵੇਗੀ।

13. ਇਹ ਕੰਟਰੈਕਟ ਆਧਾਰ ਤੇ ਰੱਖੇ ਗਏ ਕਾਮਿਆਂ ਦੀ ਸੇਵਾਵਾਂ ਸਬੰਧੀ ਜੇਕਰ ਕੋਈ ਕਾਨੂੰਨੀ ਸਮੱਸਿਆ ਉਤਪੰਨ ਹੁੰਦੀ ਹੈ ਤਾਂ ਇਸ ਦੇ ਨਿਪਟਾਰੇ ਦਾ ਅਧਿਕਾਰ ਖੇਤਰ ਸਿਵਲ ਕੋਰਟ, ਚੰਡੀਗੜ੍ਹ ਵਿਖੇ ਹੋਵੇਗਾ।

14. ਕੰਟਰੈਕਟ ਤੇ ਰੱਖੇ ਵਰਕਸ਼ਾਪ ਕਾਮੇ ਵਲੋਂ ਗੈਰਹਾਜਰ ਹੋਣ, ਕੰਮ ਵਿਚ ਦਿਲਚਸਪੀ ਨਾ ਲੈਣ ਜਾਂ ਆਪਣੇ ਤੋਂ ਸੀਨੀਅਰ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਤੇ ਉਸ ਵਿਰੁੱਧ ਕਾਰਵਾਈ ਅਰੰਭੀ ਜਾ ਸਕਦੀ ਹੈ।

15. ਦੁਰਘਟਨਾ ਕਾਰਨ ਜਾਂ ਕਿਸੇ ਹੋਰ ਕਾਰਨ ਕਰਕੇ ਵਰਕਸ਼ਾਪ ਕਾਮੇ ਦੀ ਡਿਊਟੀ ਦੌਰਾਨ ਮੌਤ ਹੋਣ ਤੇ ਉਸਨੂੰ ਪੱਨਬੱਸ ਵੱਲੋਂ 1,●●,●●●/-ਰੁ: ਦਾ ਮੁਆਵਜਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਉਹ ਕਿਸੇ ਕਿਸਮ ਦਾ ਹੋਰ ਮੁਆਵਜਾ ਲੈਣ ਦਾ ਹੱਕਦਾਰ ਨਹੀਂ ਹੋਵੇਗਾ।

16. ਕੰਟਰੈਕਟ ਤੇ ਰੱਖੇ ਜਾਣ ਵਾਲੇ ਵਰਕਸ਼ਾਪ ਕਾਮਿਆਂ ਦੀ ਗਿਣਤੀ ਲੋੜ ਅਨੁਸਾਰ ਜੇਕਰ ਪੱਨਬੱਸ ਨੂੰ ਜਰੂਰਤ ਨਾ ਹੋਵੇ ਜਾਂ ਘੱਟ ਕਾਮਿਆਂ ਦੀ ਜਰੂਰਤ ਹੋਵੇ ਤਾਂ ਇੰਨਾਂ ਕਾਮਿਆਂ ਦੀਆਂ ਸੇਵਾਵਾਂ ਇੱਕ ਮਹੀਨੇ ਦਾ ਨੋਟਿਸ ਜਾਂ ਉਸਦੇ ਬਦਲੇ ਇੱਕ ਮਹੀਨੇ ਦੀ ਤਨਖਾਹ ਦੇ ਕੇ ਖਤਮ ਕੀਤੀਆਂ ਜਾ ਸਕਦੀਆਂ ਹਨ।

ਨੋਟ:- ਕੰਟਰੈਕਟ ਉਪਰੋਕਤ ਸ਼ਰਤਾਂ ਦੇ ਤਹਿਤ ਕੀਤਾ ਜਾਵੇਗਾ, ਪ੍ਰੰਤੂ ਇਹ ਨਾ ਸਮਝ ਲਿਆ ਜਾਵੇ ਕਿ ਇਹ ਭਰਤੀ ਰੈਗੂਲਰ ਆਧਾਰ ਤੇ ਕੀਤੀ ਗਈ ਹੈ।

ਮੈਨੇਜਿੰਗ ਡਾਇਰੈਕਟਰ, ਪੱਨਬੱਸ।

| ਲੜੀ ਨੰ: | ਆਸਾਮੀ ਦਾ ਨਾਂ | ਆਸਾਮੀਆਂ ਦੀ ਗਿਣਤੀ | |
|---|---|---|---|
| 1 | ਡਰਾਈਵਰ | ਕੁੱਲ | 125● |
| | | ੳ) ਆਮ ਸ਼੍ਰੇਣੀ= 5●% | 625 |
| | | ਅ) ਅਨੁਸੂਜਿਤ ਜਾਤੀ=25%<br>25●+5● (ਸਾਬਕਾ ਫੌਜੀ) +13 (ਖਿਡਾਰੀ)<br>ਅਨੁਸੂਚਿਤ ਜਾਤੀ=25●<br>ਮੱਜਬੀ ਸਿੱਖ/ਬਾਲਮਿਕੀ = 125,<br>ਅਨੁਸੂਚਿਤ ਜਾਤੀ (ਹੋਰ) =125 | 312 |
| | | ੲ) ਪੱਛੜੀਆਂ ਸ਼੍ਰੇਣੀਆਂ=12%<br>125+25 (ਸਾਬਕਾ ਫੌਜੀ) | 15● |
| | | ਸ) ਸਾਬਕਾ ਫੌਜੀ=13%<br>ਜਨਰਲ 7% =87, ਅ:ਜਾਤੀ 4% =5● (ਮੱਜਬੀ ਸਿੱਖ/ ਬਾਲਮਿਕੀ =25, ਅਨੁਸੂਚਿਤ ਜਾਤੀ ਹੋਰ =25),<br>ਪਛੜੀ ਸ੍ਰੇਣੀ 2% =25 | 162 |
| | | ਹ) ਖਿਡਾਰੀ=3%<br>ਜਨਰਲ 2% =25, ਅ:ਜਾਤੀ 1% =13 (ਮੱਜਬੀ ਸਿੱਖ/ਬਾਲਮਿਕੀ =●6, ਅਨੁਸੂਚਿਤ ਜਾਤੀ (ਹੋਰ)=●7) | 38 |
| | | ਕ) ਸੁਤੰਤਰਤਾ ਸੰਗਰਾਮੀ= 1% | 12 |
| | | ਖ) ਅੰਗਹੀਣ=3% | 38 |
| 2 | ਕੰਡਕਟਰ | ਕੁੱਲ | 125● |
| | | ੳ) ਆਮ ਸ਼੍ਰੇਣੀ= 5●% | 625 |
| | | ਅ) ਅਨੁਸੂਜਿਤ ਜਾਤੀ=25% =<br>25●+5● (ਸਾਬਕਾ ਫੌਜੀ) +13 (ਖਿਡਾਰੀ)<br>ਅਨੁਸੂਚਿਤ ਜਾਤੀ=25●<br>ਮੱਜਬੀ ਸਿੱਖ/ਬਾਲਮਿਕੀ = 125,<br>ਅਨੁਸੂਚਿਤ ਜਾਤੀ (ਹੋਰ) =125 | 312 |
| | | ੲ) ਪੱਛੜੀਆਂ ਸ਼੍ਰੇਣੀਆਂ=12%<br>125+25 (ਸਾਬਕਾ ਫੌਜੀ) | 15● |
| | | ਸ) ਸਾਬਕਾ ਫੌਜੀ=13%<br>ਜਨਰਲ 7% =87,ਅ:ਜਾਤੀ 4% =5● (ਮੱਜਬੀ ਸਿੱਖ/ ਬਾਲਮਿਕੀ =25, ਅਨੁਸੂਚਿਤ ਜਾਤੀ ਹੋਰ =25),<br>ਪਛੜੀ ਸ੍ਰੇਣੀ 2% =25 | 162 |
| | | ਹ) ਖਿਡਾਰੀ=3%<br>ਜਨਰਲ 2% =25, ਅ:ਜਾਤੀ 1% =13 (ਮੱਜਬੀ ਸਿੱਖ/ਬਾਲਮਿਕੀ =●6, ਅਨੁਸੂਚਿਤ ਜਾਤੀ (ਹੋਰ)=●7) | 38 |
| | | ਕ) ਸੁਤੰਤਰਤਾ ਸੰਗਰਾਮੀ= 1% | 12 |
| | | ਖ) ਅੰਗਹੀਣ=3% | 38 |

| | | | |
|---|---|---|---|
| 3 | ਵਰਕਸ਼ਾਪ ਸਟਾਫ (ਮਕੈਨਿਕ, ਇਲੈਕਟ੍ਰੀਸ਼ਨ, ਵੈਲਡਰ, ਪੇਂਟਰ ਅਤੇ ਲੁਹਾਰ) | ਕੁੱਲ | 200 |
| | | ੳ) <u>ਆਮ ਸ਼੍ਰੇਣੀ</u>= 50% | 100 |
| | | ਅ) <u>ਅਨੁਸੂਜਿਤ ਜਾਤੀ</u>=25%<br>40+08 (ਸਾਬਕਾ ਫੌਜੀ) +02 (ਖਿਡਾਰੀ)<br><u>ਅਨੁਸੂਚਿਤ ਜਾਤੀ=40</u><br>ਮੱਜਬੀ ਸਿੱਖ/ਬਾਲਮਿਕੀ = 20,<br>ਅਨੁਸੂਚਿਤ ਜਾਤੀ (ਹੋਰ) =20 | 50 |
| | | ੲ) <u>ਪੱਛੜੀਆਂ ਸ਼੍ਰੇਣੀਆਂ</u>=12%<br>20+04 (ਸਾਬਕਾ ਫੌਜੀ) | 24 |
| | | ਸ) <u>ਸਾਬਕਾ ਫੌਜੀ</u>=13%<br>ਜਨਰਲ 7% =14,ਅ:ਜਾਤੀ 4% =08 (ਮੱਜਬੀ ਸਿੱਖ/ ਬਾਲਮਿਕੀ =04, ਅਨੁਸੂਚਿਤ ਜਾਤੀ ਹੋਰ =04),<br>ਪਛੜੀ ਸ੍ਰੇਣੀ 2% =04 | 26 |
| | | ਹ) <u>ਖਿਡਾਰੀ</u>=3%<br>ਜਨਰਲ 2% =04, ਅ:ਜਾਤੀ 1% =02 (ਮੱਜਬੀ ਸਿੱਖ/ਬਾਲਮਿਕੀ =01, ਅਨੁਸੂਚਿਤ ਜਾਤੀ (ਹੋਰ)=01) | 06 |
| | | ਕ) <u>ਸੁਤੰਤਰਤਾ ਸੰਗਰਾਮੀ</u>= 1% | 02 |
| | | ਖ) <u>ਅੰਗਹੀਣ</u>=3% | 06 |

<u>ਬਿਨੈ ਪੱਤਰ ਭਰਨ ਤੋਂ ਪਹਿਲਾਂ ਸਾਰੀਆਂ ਹਦਾਇਤਾਂ/ਸ਼ਰਤਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ।</u>
<u>ਅਪਲਾਈ ਕਿਵੇਂ ਕਰਨਾ ਹੈ:-</u>

1. ਆਪ ਜੀ ਨੂੰ ਪੱਨਬੱਸ ਦੀ ਵੈਬਸਾਈਟ www.punjabroadways.gov.in ਤੇ ਲੌਗਿਨ ਕਰਕੇ ਆਨਲਾਈਨ ਅਪਲਾਈ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। । ਇਸ ਤੋਂ ਇਲਾਵਾ ਕਿਸੇ ਹੋਰ ਤਰੀਕੇ ( ਜਿਵੇ ਡਾਕ ਰਾਹੀ, ਈ.ਮੇਲ, ਫੈਕਸ ਅਤੇ ਬਾਇਓ ਡਾਟਾ) ਨਾਲ ਅਪਲਾਈ ਕਰਨ ਵਾਲੇ ਪ੍ਰਾਰਥੀ ਦਾ ਫਾਰਮ ਪ੍ਰਵਾਨ ਨਹੀ ਕੀਤਾ ਜਾਵੇਗਾ।
2. ਸਭ ਤੋਂ ਪਹਿਲਾ ਆਪਣੀ ਖੁਦ ਦੀ ਈ ਮੇਲ ਆਈ.ਡੀ. ਯਕੀਨੀ ਬਣਾਈ ਜਾਵੇ । ਜੇਕਰ ਕਿਸੇ ਉਮੀਦਵਾਰ ਪਾਸ ਆਪਣੀ ਖੁੱਦ ਦੀ ਈ ਮੇਲ ਆਈ.ਡੀ ਨਹੀ ਹੈ, ਤਾਂ ਅਪਲਾਈ ਕਰਨ ਤੋਂ ਪਹਿਲਾਂ ਉਸ ਵਲੋਂ ਈਮੇਲ ਆਈਡੀ ਤਿਆਰ ਕੀਤੀ ਜਾਣੀ ਯਕੀਨੀ ਬਣਾਈ ਜਾਵੇ। ਆਪ ਜੀ ਵਲੋਂ ਆਪਣੀ ਈ ਮੇਲ ਆਈ.ਡੀ. ਨੂੰ ਭਰਤੀ ਸਮੇਂ ਦੋਰਾਨ ਰੋਜਾਨਾ ਚੈਕ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਪਨਬੱਸ ਵਲੋਂ ਆਪ ਦੀ ਈਮੇਲ ਆਈ.ਡੀ. ਤੇ ਹੀ ਲਿਖਤੀ ਹੋਣ ਵਾਲੇ ਟੈਸਟ ਲਈ ਸੂਚਨਾ ਭੇਜੀ ਜਾਵੇਗੀ।
3. ਕਿਰਪਾ ਕਰਕੇ ਵੈਬਸਾਈਟ www.punjabroadways.gov.in ਤੇ ਜਾਓ ਅਤੇ ਇਸ ਉੱਪਰ ਦਿੱਤੇ ਲਿੰਕ **<u>Recruitment of Conductors and Drivers and Workshop Staff on contract Basis-2014</u>** ਤੇ ਕਲਿਕ ਕਰੋ। ਇਸ ਲਿੰਕ ਰਾਹੀਂ ਆਪ ਸਾਡੇ ਵਿਭਾਗ ਦੇ **<u>Recruitment</u>** ਪੋਰਟਲ ਤੇ ਪਹੁੰਚੋਗੇ।
4. ਕ੍ਰਿਪਾ ਕਰਕੇ ਆਪਣੇ ਹਸਤਾਖਰ ਅਤੇ ਫੋਟੋ ਨੂੰ ਅਲੱਗ ਅਲੱਗ ਸਕੈਨ ਕਰਕੇ **<u>JPEG</u>** ਫਾਰਮੇਟ ਵਿੱਚ ਸੁਰਖਿੱਅਤ ਰਖੋ। ਹਸਤਾਖਰ ਅਤੇ ਫੋਟੋ ਹਰ ਇੱਕ ਦੇ ਆਕਾਰ ਦੀ ਲਿਮਟ **<u>20 KB</u>** ਤੋਂ ਜਿਆਦਾ ਨਾ ਹੋਵੇ, ਨਹੀ ਤਾਂ ਤੁਸੀ ਆਪਣੇ ਸਕੈਨ ਕੀਤੇ ਹਸਤਾਖਰ ਅਤੇ ਫੋਟੋ ਦਾਖਲ ਨਹੀ ਕਰ ਸਕੋਗੇ।
5. ਆਪਣੀ ਆਨਲਾਈਨ ਦਰਖਾਸਤ ਭਰਨ ਤੋਂ ਪਹਿਲਾਂ ਹੇਠ ਦਰਸਾਏ ਵੇਰਵੇ ਆਪਣੇ ਪਾਸ ਤਿਆਰ ਰੱਖੋ :-
   - a) ਪ੍ਰਾਰਥੀ ਦੀ ਸਵੈਂ ਜਾਣਕਾਰੀ ਸਮੇਂਤ ਜਨਮ ਸਰਟੀਫਿਕੇਟ ਅਤੇ ਨਾਗਰਿਕਤਾ ਦੇ ਪ੍ਰਮਾਣ ਦਾ ਵੇਰਵਾ
   - b) ਪ੍ਰਾਰਥੀ ਦਾ ਮੋਬਾਈਲ ਨੰਬਰ
   - c) ਪ੍ਰਾਰਥੀ ਦੀ ਈ ਮੇਲ ਆਈ.ਡੀ.
   - d) ਰਾਖਵਾਂਕਰਨ/ ਰਾਖਵੀਂ ਕੈਟੇਗਰੀ ਦਾ ਵੇਰਵਾ
   - e) ਵਿੱਦਿਅੱਕ ਯੋਗਤਾ ਸਰਟੀਫਿਕੇਟ ( ਅੱਠਵੀਂ/ਦੱਸਵੀਂ/ਜਾ ਹੋਰ)
   - f) ਸਕੈਨ ਕੀਤੇ ਗਏ ਫੋਟੋਗਰਾਫ, ਹਸਤਾਖਰ ਦੀ ਅਤੇ ਬੈਂਕ ਚਾਲਾਨ ਦੀ ਕਾਪੀ।
6. <u>ਤੁਸੀ ਹੁਣ ਆਨਲਾਈਨ ਅਪਲਾਈ ਕਰਨ ਲਈ ਤਿਆਰ ਹੋ:-</u>
7. ਸਭ ਤੋਂ ਪਹਿਲਾਂ ਵੈਬਸਾਈਟ www.punjabroadways.gov.in ਤੇ ਜਾਓ ਅਤੇ **<u>Recruitment of Conductors and Drivers and Workshop Staff on contract Basis-2014</u>** ਤੇ ਕਲਿਕ ਕਰੋ। ਇਸ ਲਿੰਕ ਰਾਹੀਂ ਇੱਕ ਨਵਾਂ ਸਬ-ਲਿੰਕ **<u>Online Application</u>** ਖੁੱਲੇਗਾ ਜਿਸ ਰਾਹੀਂ ਪ੍ਰਾਰਥੀ ਲਈ ਆਨਲਾਈਨ ਫਾਰਮ ਭਰਨ ਦਾ ਪ੍ਰੋਫਾਰਮਾ ਖੁੱਲ ਜਾਵੇਗਾ।
8. ਸਾਰੀ ਜਾਣਕਾਰੀ ਨੂੰ ਇੱਕ ਇੱਕ ਕਰਕੇ ਧਿਆਨਪੂਰਵਕ ਭਰਿਆ ਜਾਵੇ। ਪ੍ਰਾਰਥੀ ਦਾ ਨਾਮ ਅਤੇ ਹੋਰ ਜਾਣਕਾਰੀ ਜਿਵੇਂ ਮਾਤਾ/ਪਿਤਾ/ਪਤੀ ਆਦਿ ਦਾ ਨਾਮ ਸਰਟੀਫਿਕੇਟ/

ਵਿਦਿੱਅਕ ਯੋਗਤਾ ਪ੍ਰਮਾਣ ਪੱਤਰ ਅਨੁਸਾਰ ਸਹੀ ਭਰਿਆ ਜਾਵੇ। ਇਸ ਸਬੰਧੀ ਕਿਸੇ ਬਦਲੀ ਜਾਂ ਤੋੜ ਮਰੋੜ ਪਾਏ ਜਾਣ ਦੀ ਸੂਰਤ ਵਿੱਚ ਪ੍ਰਾਰਥੀ ਦਾ ਫਾਰਮ ਰੱਦ ਕਰ ਦਿੱਤਾ ਜਾਵੇਗਾ।

9. ਪ੍ਰਾਰਥੀ ਵਲੋਂ ਆਪਣੀ ਸਕੈਨ ਕੀਤੀ ਫੋਟੋ ਅਤੇ ਹਸਤਾਖਰਾਂ ਨੂੰ ਅਪਲੋਡ ਕੀਤਾ ਜਾਵੇ।

10. ਉਪਰੋਕਤ ਸਾਰੀ ਭਰੀ ਗਈ ਜਾਣਕਾਰੀ ਨੂੰ ਮੁੜ ਤੋਂ ਜਾਂਚ ਲਿਆ ਜਾਵੇ।

11. ਇਸ ਉਪਰੰਤ **Declaration** ਪੈਰ੍ਹਾ ਵਿੱਚ ਦਰਸਾਏ ਹਰ ਤੱਥ ਨੂੰ ਧਿਆਨ ਨਾਲ ਵਿਚਾਰੋ। ਜੇਕਰ ਤੁਸੀ ਇਹ ਸਾਰੀਆਂ ਸ਼ਰਤਾਂ ਅਤੇ ਪ੍ਰਕਿਰਿਆ ਨੂੰ ਪੂਰਾ ਕਰਦੇ ਹੋ ਤਾਂ ਹੀ **I Agree** ਕਾਲਮ ਤੇ ਕਲਿਕ ਕੀਤਾ ਜਾਵੇ। ਕਿਸੇ ਕਿਸਮ ਦੀ ਦਿੱਤੀ ਗਈ ਗਲਤ ਜਾਣਕਾਰੀ ਤੇ ਤੁਸੀ ਕਾਨੂੰਨੀ ਉਲੰਝਣ ਵਿੱਚ ਪੈ ਸਕਦੇ ਹੋ।

12. ਹੁਣ ਤੁਸੀ ਸਬਮਿਟ ਬਟਨ ਦਬਾ ਕੇ ਆਪਣੀ ਦਰਖਾਸਤ ਨੂੰ ਆਨਲਾਈਨ ਸਬਮਿਟ ਕਰਨ ਲਈ ਤਿਆਰ ਹੋ।

13. ਸਬਮਿਟ ਬਟਨ ਦੱਬਦੇ ਹੀ ਤੁਹਾਨੂੰ ਆਪਣੀ ਲੋਗਿਨ ਆਈ.ਡੀ. ਅਤੇ ਪਾਸਵਰਡ ਪ੍ਰਾਪਤ ਹੋਵੇਗਾ। ਕਿਰਪਾ ਕਰਕੇ ਇਸ ਲੋਗਿਨ ਆਈ.ਡੀ ਅਤੇ ਪਾਸਵਰਡ ਨੂੰ ਸੁਰਖਿੱਅਤ ਰਖਿਆ ਜਾਵੇ ਕਿਉਂਕਿ Recruitment ਪੋਰਟਲ ਲੋਗਿਨ ਕਰਦੇ ਸਮੇਂ ਇਨ੍ਹਾਂ ਦੀ ਜਰੂਰਤ ਹੋਵੇਗੀ।

14. ਹੁਣ ਬੈਂਕ ਚਲਾਨ ਫਾਰਮ ਦੇ ਪਰਿੰਟ ਲਈ **BANK CHALLAN** ਫਾਰਮ ਤੇ ਕਲਿਕ ਕਰੋ।

15. ਕ੍ਰਿਪਾ ਕਰਕੇ ਆਪਣੀ ਆਨਲਾਈਨ ਐਪਲੀਕੇਸ਼ਨ ਫਾਰਮ ਦੇ 2 ਪਰਿੰਟ ਆਊਟ ਲਏ ਜਾਣ ਅਤੇ ਇਨ੍ਹਾਂ ਤੇ ਆਪਣੀ ਉਹੀ ਪਾਸਪੋਰਟ ਸਾਈਜ਼ ਫੋਟੋ (ਜੋ ਆਨਲਾਈਨ ਫਾਰਮ ਨਾਲ ਅਪਲੋਡ ਕੀਤੀ ਗਈ ਸੀ) ਚਿਪਕਾ ਕੇ ਆਪਣੇ ਪਾਸ ਸੁਰਖਿੱਅਤ ਰੱਖੋ। ਇਹ ਫਾਰਮ ਸਾਨੂੰ ਨਾ ਭੇਜਿਆ ਜਾਵੇ। ਇਹ ਫੋਟੋਯੁਕਤ ਐਪਲੀਕੇਸ਼ਨ ਫਾਰਮ ਪ੍ਰਾਰਥੀ ਵਲੋਂ ਕਾਊਂਸਲਿੰਗ ਸਮੇਂ ਦੋਰਾਨ ਹੇਠ ਦਰਸਾਏ ਅਸਲ ਦਸਤਾਵੇਜਾਂ ਨਾਲ ਜਮਾਂ ਕਰਵਾਇਆ ਜਾਵੇ:-

ੳ) ਯੋਗਤਾ ਸਰਟੀਫਿਕੇਟ (ਵਿਦਿਅਕ/ਤਕਨੀਕੀ)

ਅ) ਸਮਰੱਥ ਅਥਾਰਟੀ ਵਲੋਂ ਜਾਰੀ ਕੀਤਾ ਗਿਆ ਰਿਜਰਵ ਕੈਟੇਗਰੀ ਸਰਟੀਫਿਕੇਟ ( ਜੇਕਰ ਲਾਗੂ ਹੁੰਦਾ ਹੈ)

ੲ) ਫੀਸ ਅਦਾਇਗੀ ਦੇ ਚਾਲਾਨ ਦੀ ਅਸਲ ਕਾਊਂਟਰ ਫਾਈਲ ( ਵਿਭਾਗ ਦੀ ਕਾਪੀ )

ਸ) ਜਨਮ ਮਿਤੀ ਪ੍ਰਮਾਣ ਸਰਟੀਫਿਕੇਟ ( ਮੈਟਰਿਕ/ ਹਾਇਰ ਸੈਕੇਂਡਰੀ)

ਹ) ਮੈਟ੍ਰਿਕ ਪੱਧਰ (ਮਿਡਲ ਪੱਧਰ ਕੇਵਲ ਡਰਾਈਵਰ ਉਮੀਦਵਾਰਾਂ ਲਈ) ਤੱਕ ਪੰਜਾਬੀ ਭਾਸ਼ਾ ਪਾਸ ਦਾ ਸਰਟੀਫਿਕੇਟ

ਕ) ਉਮਰ ਵਿੱਚ ਛੋਟ ਲੈਣ ਸਬੰਧੀ ਸਰਟੀਫਿਕੇਟ ( ਜੇਕਰ ਲਾਗੂ ਹੁੰਦਾ ਹੈ)

ਖ) ਸਰਕਾਰੀ ਮੁਲਾਜਮ ਹੋਣ ਦਾ ਸਰਟੀਫਿਕੇਟ ( ਜੇਕਰ ਲਾਗੂ ਹੁੰਦਾ ਹੈ)

ਜੇਕਰ ਤੁਸੀ ਐਕਸ ਸਰਵਿਸ ਮੈਨ ਹੋ ਤਾਂ ਹੇਠ ਦਰਸਾਏ ਅਨੁਸਾਰ ਵਾਧੂ ਸਰਟੀਫਿਕੇਟ ਜਮਾਂ ਕਰਵਾਏ ਜਾਣੇ ਲੋੜੀਂਦੇ ਹਨ:-

i) ਇਨਰੋਲਮੈਂਟ ਦੀ ਮਿਤੀ

ii) ਰੀਲੀਵ/ਡਿਸਚਾਰਜ ਦੀ ਮਿਤੀ

iii) ਰੀਲੀਵ/ਡਿਸਚਾਰਜ ਹੋਣ ਦੇ ਕਾਰਨ

16. ਕੈਟੇਗਰੀ ਵਾਈਜ਼ ਹੇਠ ਦਰਸਾਏ ਅਨੁਸਾਰ ਪ੍ਰਾਰਥੀ ਵਲੋਂ ਫੀਸ ਜਮਾਂ ਕਰਵਾਈ ਜਾਣੀ ਜਰੂਰੀ ਹੋਵੇਗੀ:-

ੳ) ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦੇ ਉਮੀਦਵਾਰ .......................

ਅ) ਸਾਬਕਾ ਫੌਜੀ/ਆਸ਼ਰਿਤ ਉਮੀਦਵਾਰ ........................

ੲ) ਅੰਗਹੀਣ ਉਮੀਦਵਾਰ .........................

ਸ) ਬਾਕੀ ਸਾਰੀਆਂ ਕੈਟਾਗਰੀਆਂ ਦੇ ਉਮੀਦਵਾਰਾਂ ਲਈ .........................

17. ਧਿਆਨਯੋਗ ਹੈ ਕਿ ਪ੍ਰਾਰਥੀ ਵਲੋਂ ਉਪਰੋਕਤ ਦਰਸਾਈ ਫੀਸ ਸਿਰਫ ਮੈਨੇਜਿੰਗ ਡਾਇਰੈਕਟਰ, ਪੱਨਬੱਸ ਦੇ ਅਕਾਊਂਟ ਨੰ:914●2●●28451411 ਐਕਸਿਸ ਬੈਂਕ, ਸੈਕਟਰ-17 ਬੀ, ਚੰਡੀਗੜ੍ਹ (ਜੋ ਕਿ ਐਕਸਿਸ ਬੈਂਕ ਦੀ ਕਿਸੇ ਵੀ ਬ੍ਰਾਂਚ ਰਾਹੀਂ ਜਮ੍ਹਾ ਹੋਵੇਗੀ) ਵਿਚ ਹੀ ਜਮ੍ਹਾ ਕਰਵਾਈ ਜਾਵੇ, ਕਿਉਂਕਿ ਪੱਨਬੱਸ ਵਲੋਂ ਕੇਵਲ ਐਕਸਿਸ ਬੈਂਕ, ਸੈਕਟਰ-17 ਬੀ, ਚੰਡੀਗੜ੍ਹ ਨੂੰ ਫੀਸ ਇੱਕਤਰ ਕਰਨ ਲਈ ਨਾਮਜਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਿਸੇ ਹੋਰ ਬੈਂਕ ਜਾਂ ਕਿਸੇ ਹੋਰ ਫਾਰਮੇਟ ਵਿੱਚ ਜਮਾਂ ਕਰਵਾਈ ਗਈ ਫੀਸ (ਚੈਕ ਰਾਹੀਂ, ਡਿਮਾਂਡ ਡਰਾਫਟ, ਪੋਸਟਲ ਆਰਡਰ) ਨੂੰ ਪ੍ਰਵਾਨ ਨਹੀ ਕੀਤਾ ਜਾਵੇਗਾ।

18. ਫੀਸ ਜਮਾ ਕਰਵਾਓਂਣ ਉਪਰੰਤ ਤੁਸੀ ਬੈਂਕ ਚਲਾਨ ਦੀਆਂ 3 ਕਾਪੀਆਂ ਵਿੱਚੋ 2 ਕਾਪੀਆਂ (ਉਮੀਦਵਾਰ ਦੀ ਕਾਪੀ ਅਤੇ ਵਿਭਾਗ ਦੀ ਕਾਪੀ) ਪ੍ਰਾਪਤ ਕਰੋਗੇ। ਬੈਂਕ ਦੀ ਕਾਪੀ ਫੀਸ ਜਮਾਂ ਕਰਨ ਵਾਲੇ ਬੈਂਕ ਵਲੋਂ ਰੱਖ ਲਈ ਜਾਵੇਗੀ।

19. ਐਡਮਿਟ ਕਾਰਡ ਰਜਿਸਟਰਡ ਪੱਤਰ ਰਾਹੀਂ ਉਮੀਦਵਾਰਾਂ ਨੂੰ ਭੇਜੇ ਜਾਣਗੇ। ਇਸ ਤੋਂ ਇਲਾਵਾ ਉਮੀਦਵਾਰ ਵਿਭਾਗ ਦੀ ਵੈਬਸਾਈਟ ਤੇ ਜਾ ਕੇ ਇਹ ਐਡਮਿਟ ਕਾਰਡ ਡਾਊਨ ਲੋਡ ਵੀ ਕਰ ਸਕਦੇ ਹਨ।

2●. **Question Paper** ਸਮੇਤ **Answer Key** ਵਿਭਾਗ ਦੀ ਵੈਬਸਾਈਟ www. punjabroadways.gov.in ਤੇ ਪੇਪਰ ਹੋਣ ਤੋਂ ਇੱਕ ਦਿਨ ਦੇ ਅੰਦਰ ਹੀ ਭੇਜੀ ਜਾਵੇਗੀ ਤਾਂ ਜੋ ਉਮੀਦਵਾਰਾਂ ਨੂੰ ਜੇਕਰ ਕੋਈ ਇਤਰਾਜ ਹੋਵੇ ਤਾਂ ਪ੍ਰਾਪਤ ਕੀਤਾ ਜਾ ਸਕੇ। ਜੇਕਰ ਕਿਸੇ ਪ੍ਰਾਰਥੀ ਨੂੰ ਕਿਸੇ ਕਿਸਮ ਦਾ ਇਤਰਾਜ ਹੋਵੇ ਤਾਂ ਉਹ ਵੈਬਸਾਈਟ ਤੇ ਜਾਕੇ ਆਪਣਾ ਲੋਗਿਨ ਆਈ.ਡੀ. ਲੋਗਿਨ ਕਰਕੇ **OBJECTION** ਟੈਬ ਤੇ ਕਲਿਕ ਕਰਕੇ ਆਪਣਾ ਇਤਰਾਜ ਪੇਪਰ ਹੋਣ ਤੋ ਬਾਅਦ 3 ਦਿਨਾਂ ਦੇ ਅੰਦਰ ਅੰਦਰ ਦਰਜ ਕਰਵਾ ਸਕਦਾ ਹੈ। ਫਾਈਨਲ **KEY** ਸਾਰੇ ਇਤਰਾਜਾਂ ਨੂੰ ਵਿਚਾਰਣ ਅਤੇ ਲੋੜੀਂਦੀ ਸੋਧ ਕਰਨ ਉਪਰੰਤ ਪੇਪਰ ਹੋਣ ਤੋਂ ●2 ਹਫਤੇ ਦੇ ਅੰਦਰ ਅੰਦਰ ਵੈਬਸਾਈਟ ਤੇ ਅਪਲੋਡ ਕਰ ਦਿੱਤੀ ਜਾਵੇਗੀ। ਇਹ **KE**Y ਅੰਤਿਮ ਰਿਜਲਟ ਤਿਆਰ ਕਰਨ ਲਈ ਵਰਤੀ ਜਾਵੇਗੀ।

ਜਰੂਰੀ ਸ਼ਰਤਾਂ ਜਿਨ੍ਹਾਂ ਕਰਕੇ ਪ੍ਰਾਰਥੀ ਨੂੰ ਅਯੋਗ ਘੋਸ਼ਿਤ ਕੀਤਾ ਜਾ ਸਕਦਾ ਹੈ।

1) ਘੱਟ ਫੀਸ ਜਮਾਂ ਕਰਵਾਉਂਣ ਤੇ

2) ਐਕਸਿਸ ਬੈਂਕ, ਸੈਕਟਰ-17 ਬੀ, ਚੰਡੀਗੜ੍ਹ ਦੇ ਅਕਾਊਂਟ ਨੰ:914●2●●28451411 I.F.S.CODE: UTIB 0000520) ਤੋਂ ਇਲਾਵਾ ਕਿਸੇ ਹੋਰ ਬੈਂਕ ਵਿੱਚ ਫੀਸ ਜਮਾਂ ਕਰਵਾਉਣ ਤੇ।

3) ਐਪਲੀਕੇਸ਼ਨ ਫਾਰਮ ਵਿੱਚ ਗਲਤ/ ਅਧੂਰੀ ਜਾਣਕਾਰੀ ਭਰਨ ਤੇ

4) ਪ੍ਰਾਰਥੀ ਨੂੰ ਕਿਸੇ ਸਰਕਾਰੀ ਵਿਭਾਗ/ਬੋਰਡ/ਕਮਿਸ਼ਨ ਵਲੋਂ ਅਯੋਗ ਕਰਾਰ ਦਿੱਤਾ ਗਿਆ ਹੋਵੇ।

5) ਕਿਸੇ ਵੀ ਕਿਸਮ ਦੀ ਯੋਗਤਾ ਸਬੰਧੀ ਸ਼ਰਤ, ਜਿਨ੍ਹਾਂ ਵਿੱਚ ਉਮਰ ਅਤੇ ਵਿਦਿੱਅਕ ਯੋਗਤਾ ਸ਼ਾਮਲ ਹੈ, ਪੂਰੀ ਨਾ ਕਰਨ ਕਰਕੇ ।

6) ਪ੍ਰਾਰਥੀ ਨੂੰ ਕਿਸੇ ਵੀ ਵਜ੍ਹਾ ਕਰਕੇ ਅਯੋਗ ਘੋਸ਼ਿਤ ਕਰਨ ਤੇ ਉਸ ਵੱਲੋਂ ਜਮ੍ਹਾ ਕਰਵਾਈ ਗਈ ਫੀਸ ਵਾਪਿਸ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਉਮੀਦਵਾਰ ਫੀਸ ਵਾਪਿਸ ਲੈਣ ਦਾ ਹੱਕਦਾਰ ਹੋਵੇਗਾ।